ਬਾਬ-11◈

# ਲੜਕਪਣ ਦੇ ਦਿਨ

1480 ਤੋਂ 1484 ਈ. ਤੱਕ

## ਪਾਲੀ ਮੱਝਾਂ ਦੇ ਵੱਗ ਦਾ- ਬਾਬਾ ਨਾਨਕ

ਗੁਰੂ ਸਾਹਿਬ ਦੇ ਵੇਲਿਆਂ 'ਚ ਬਹੁਤੀ ਜਮੀਨ ਖਾਲੀ ਹੀ ਹੋਇਆ ਕਰਦੀ ਸੀ। ਕਿਤੇ ਜੰਗਲ ਹੋਣੇ ਤੇ ਕਿਤੇ ਘਾਹ ਫੂਸ ਦੀਆਂ ਚਰਾਦਾਂ। ਚਰਾਦਾਂ ਦੇ ਨਾਲ ਹੀ ਵਿੱਚੇ ਵਾਹੀ ਯੋਗ ਖੱਤੇ ਹੁੰਦੇ ਸਨ। ਜੋ ਨਾਲ ਲਗਦੀ ਜਮੀਨ ਤੋਂ ਜਰਾ ਨੀਂਵੇ ਹੁੰਦੇ ਸਨ। ਮਾਲ ਡੰਗਰ ਹਰ ਪ੍ਰਵਾਰ ਪਾਲਦਾ ਸੀ। ਕਮੀ ਕਮੀਨ ਗਰੀਬ ਲੋਕ ਦੂਸਰਿਆਂ ਦੇ ਡੰਗਰ ਚਾਰਦੇ ਸਨ। ਪੰਜਾਬ ਵਿੱਚ ਦੁੱਧ ਦੀ ਵਿਕਰੀ ਬਿਲਕੁਲ ਨਹੀ ਸੀ ਹੁੰਦੀ। ਇਕ ਦੂਸਰੇ ਨੂੰ ਦੁੱਧ ਮੁੱਫਤ ਹੀ ਮਿਲਦਾ ਸੀ।

ਬਹੁਤੀ ਥਾਂਈ ਜਮੀਨਾਂ ਦੀ ਮਾਲਕੀ ਖੱਤਰੀਆਂ ਦੀ ਹੁੰਦੀ ਸੀ। ਜੱਟ ਅਮੂਮਨ ਮਜਾਰੇ ਹੁੰਦੇ ਸਨ। ਰਾਇ ਬੁਲਾਰ ਦੇ ਕਾਰਦਾਰ ਮਹਿਤਾ ਕਾਲੂ ਜਮੀਨ ਦੇ ਵੀ ਮਾਲਕ ਸਨ ਤੇ ਉਹਨਾਂ ਕੋਲ ਮਾਲ ਡੰਗਰ ਵੀ ਸੀ। ਅਖੌਤੀ ਕਮੀਂ ਕਮੀਨਾਂ ਦੇ ਬੰਦੇ ਤੇ ਬੱਚੇ ਹੀ ਕਾਲੂ ਦੇ ਡੰਗਰ ਚਾਰਿਆ ਕਰਦੇ ਸਨ। ਪਰ ਗੁਰੂ ਨਾਨਕ ਨੂੰ ਪਾਲੀਆਂ ਦੇ ਨਾਲ ਡੰਗਰ ਚਾਰਨਾਂ ਚੰਗਾ ਲਗਦਾ ਸੀ। ਉਹ ਅਕਸਰ ਵੱਗ ਦੇ ਨਾਲ ਦੂਰ ਦੁਰਾਡੇ ਵੀ ਨਿਕਲ ਜਾਂਦੇ। ਬਾਬੇ ਨੂੰ ਕੁਦਰਤ ਦੇ ਨੇੜੇ ਹੋਣਾਂ ਜਿਆਦਾ ਚੰਗਾ ਲਗਦਾ ਸੀ। ਬਾਹਰ ਅਕਸਰ ਗੁਰੂ ਜੀ ਦੀ ਲਿਵ ਲੱਗ ਜਾਂਦੀ। ਵਾਪਸੀ ਤੇ ਆਉਣ ਵੇਲੇ ਫਿਰ ਪਾਲੀ ਬਾਬੇ ਨਾਨਕ ਨੂੰ ਲੱਭ ਕੇ ਨਾਲ ਲੈ ਆਉਂਦੇ ਸਨ।

----◈----

## ਖੇਤ ਹੋ ਗਇਆ ਹਰਿਆ ਭਰਿਆ



ਪੈਲੀ ਵਿਚ ਅੱਜ ਗੁਰਦੁਆਰਾ ਕਿਆਰਾ ਸਾਹਿਬ ਮੌਜੂਦ ਹੈ ਜਿਥੇ ਮੱਝਾਂ ਚਾਰੀਆਂ

ਪੁਰਾਤਨ ਸਾਖੀ ਵਿੱਚ ਦਰਜ ਹੈ ਕਿ ਜਦੋਂ ਬਾਬਾ 10-12 ਸਾਲਾਂ ਦਾ ਸੀ ਇਕ ਵੇਰਾਂ ਵੱਗ ਦੇ ਪਾਲੀ ਨੇ ਛੁੱਟੀ ਕਰ ਦਿੱਤੀ। (ਕੁਦਰਤੀ ਹੈ ਵਿਆਹ ਸ਼ਾਦੀ, ਖੁਸ਼ੀ ਗਮੀ ਕਰਕੇ ਬਾਹਰ ਅੰਦਰ ਜਾਣਾ ਹੀ ਪੈਂਦੈ।) ਘਰਦਿਆਂ ਕਹਿ ਦਿੱਤਾ ਕਿ ਨਾਨਕ ਹੀ ਮੱਝਾ ਚਰਾ ਲਿਆਵੇਗਾ। ਰੋਜ ਜਾਂਦਾ ਤਾਂ ਹੈ ਪਾਲੀਆਂ ਨਾਲ। ਬਾਬੇ ਨੇ ਵੀ ਹਾਂ ਕਰ ਦਿੱਤੀ। ਬਾਬਾ ਜੀ ਪਿੰਡ ਤੋਂ ਮੀਲ ਕੁ ਹਟਵਾਂ ਮੱਝਾਂ ਚਰਾਉਣ ਲੈ ਗਏ। ਗਰਮੀਆਂ ਦੇ ਦਿਨ ਸਨ। ਹੋ ਸਕਦੈ ਕਿਸੇ ਰੁੱਖ ਹੇਠਾਂ ਬੈਠੇ ਹੋਣਗੇ। ਦੀਨ ਦੁਨੀ ਦੇ ਸ਼ਾਹ ਨਾਲ ਮੰਨ ਲਗ ਗਿਆ। ਐਸੀ ਲਿਵ ਲੱਗੀ ਕਿ ਮੱਝਾਂ ਦਾ ਧਿਆਨ ਹੀ ਨਾਂ ਰਿਹਾ। ਚਰਦੀਆਂ ਚਰਦੀਆਂ ਮੱਝਾਂ ਨਾਲ ਝੋਨੇ (ਪੁਰਾਤਨ ਸਾਖੀ ਅਨੁਸਾਰ ਖੇਤ ਕਣਕ ਦਾ ਸੀ ਪਰ ਸੋਢੀ ਮਿਹਰਬਾਨ ਨੇ ਝੋਨਾ ਲਿਖਿਆ ਹੈ) ਦੇ ਖੇਤ ਵਿੱਚ ਵੜ ਗਈਆਂ। ਸਾਰਾ ਖੇਤ ਤਬਾਹ ਕਰ ਦਿੱਤਾ। ਥੋੜਾ ਬਹੁਤ ਪਾਣੀ ਹੋਣ ਕਰਕੇ ਕੁਝ ਝੋਨੇ ਵਿੱਚ ਹੀ ਲੇਟੇ ਮਾਰਨ ਲਗ ਗਈਆਂ।

ਗਲ ਕਿਸੇ ਤਰਾਂ ਖੇਤ ਦੇ ਮਾਲਕ (ਭੱਟੀ ਮੁਸਲਮਾਨ ਰਾਜਪੂਤ) ਤੱਕ ਪਹੁੰਚ ਗਈ। ਉਹ ਦੌੜਾ ਆਇਆ ਤੇ ਨਜ਼ਾਰਾ ਵੇਖ ਅੱਗ ਬਬੂਲਾ ਹੋ ਗਿਆ। ਨਾਨਕ ਨੂੰ ਜਗਾਇਆ। ਬੁਰਾ ਭਲਾ ਕਿਹਾ। ਬਾਬੇ ਨੇ ਬਥੇਰਾ ਕਿਹਾ ਕਿ ਸਬਰ ਰੱਖ ਝੋਨਾ ਪਹਿਲਾਂ ਨਾਲੋਂ ਜਿਆਦਾ ਨਿਕਲੇਗਾ। ਪਰ ਕਿਸਾਨ ਕਦੋਂ ਖੇਤ ਦਾ ਨੁਕਸਾਨ ਬਰਦਾਸ਼ਤ ਕਰਦਾ ਹੈ। ਕਿਉਕਿ ਨਾਨਕ ਪੁੱਤਰ ਵੀ ਕਾਰਦਾਰ ਸੀ ਜਿਸ ਕਰਕੇ ਉਨੂੰ ਮਾਰਿਆ ਕੁਟਿਆ ਤਾ ਨਾਂ, ਪਰ ਕਿਸਾਨ ਨੇ ਸਿੱਧਾ ਹਾਕਮ ਰਾਇ ਬੁਲਾਰ ਕੋਲ ਫਰਿਆਦੀ ਹੋ ਕੇ ਚੀਖ ਚਿਹਾੜਾ ਪਾਇਆ ਕਿ "ਵੇਖੋ ਮੇਰਾ ਸਾਰਾ ਖੇਤ ਉਜਾੜ ਦਿੱਤਾ ਹੈ। "

ਰਾਇ ਬੁਲਾਰ ਨੇ ਮਹਿਤਾ ਕਾਲੂ ਨੂੰ ਬੁਲਾ ਲਿਆ ਤੇ ਹੁਕਮ ਕੀਤਾ ਕਿ ਕਿਸਾਨ ਦਾ ਨੁਕਸਾਨ ਭਰੋ। ਕਾਲੂ ਨੇ ਉਜਾੜਾ ਭਰਨਾਂ ਮੰਨ ਲਿਆ। ਮਹਿਤਾ ਕਾਲੂ, ਨਾਨਕ ਤੇ ਗੁੱਸਾ ਹੋ ਰਿਹਾ ਸੀ। ਨਾਨਕ ਨੇ ਦੁਹਾਈ ਦਿੱਤੀ ਕਿ ਉਜਾੜਾ ਤਾਂ ਕੋਈ ਹੋਇਆ ਹੀ ਨਹੀ ਹੈ ਕਾਹਦੀ ਭਰਪਾਈ?

ਦੂਸਰੇ ਪਾਸੇ ਕਿਸਾਨ ਕਹਿ ਰਿਹਾ ਹੈ ਕਿ ਮੈਨੂੰ ਇਨਸਾਫ ਦਿਓ ਨਹੀ ਤਾਂ ਮੈਂ ਬਾਦਸ਼ਾਹ ਦੇ ਕਾਜੀ ਕੋਲ ਫਰਿਆਦੀ ਹੋਵਾਂਗਾ।

ਪਿਤਾ ਕਾਲੂ ਨੇ ਰਾਇ ਬੁਲਾਰ ਨੂੰ ਫਰਿਆਦ ਕੀਤੀ ਕਿ ਖੇਤ ਦਾ ਮੁਆਇਨਾ ਕੀਤਾ ਜਾਵੇ। ਜੇ ਸੱਚਮੁੱਚ ਨੁਕਸਾਨ ਹੋਇਆ ਹੈ ਤਾਂ ਮੈਂ ਉਜਾੜਾ ਭਰਦਾ ਵਾ।

ਰਾਇ ਨੇ ਕੁਝ ਪੰਚ (ਮੁਨਸਫ) ਭੈਜੇ ਕਿ ਜਾ ਕੇ ਵੇਖੋ ਕਿ ਖੇਤ ਦਾ ਕਿੰਨਾ ਕੁ ਉਜਾੜਾ ਹੋਇਆ ਹੈ। ਪੰਚਾਂ ਨੇ ਖੇਤ ਜਾ ਕੇ ਵੇਖਿਆ ਤਾਂ ਹੈਰਾਨ ਰਹਿ ਗਏ। ਕਿਉਕਿ ਖੇਤ ਏਨਾ ਹਰਾ ਭਰਾ ਲਹਿ ਲਹਾਉਂਦਾ ਸੀ ਕਿ ਇਲਾਕੇ ਵਿੱਚ ਓਹੋ ਜਿਹਾ ਝੋਨਾ ਹੋਰ ਕਿਸੇ ਦਾ ਹੈ ਹੀ ਨਹੀ ਸੀ। ਕਿਸਾਨ ਵੀ ਹੱਕਾ ਬੱਕਾ ਸੀ। ਪੰਚਾਂ ਨੇ ਕਿਸਾਨ ਨੂੰ ਕਿਹਾ ਕਿ ਕੁਝ ਸ਼ਰਮ ਕਰਦੋਂ ਅਜਿਹੀ ਝੂਠੀ ਸ਼ਕਾਇਤ ਕਰਨ ਲਗਿਆਂ। ਕਿਸਾਨ ਦੁਹਾਈ ਪਾਏ, ਸੌਂਹਾਂ ਖਾਏ ਕਿ ਉਸ ਨੇ ਅੱਖੀ ਵੇਖਿਆ ਕਿ ਮੱਝਾਂ ਸਾਰਾ ਖੇਤ ਖਾ ਗਈਆਂ ਸਨ ਤੇ ਕੁਝ ਤਾਂ ਝੋਨੇ ਵਿੱਚ ਹੀ ਬੈਠੀਆਂ ਸਨ। ਥਾਂ ਥਾਂ ਤਾਜਾ ਗੋਹਾ ਪਿਆ ਸੀ। ਪੰਚ ਕਿਸਾਨ ਨੂੰ ਲੈ ਕੇ ਰਾਇ ਪਾਸ ਪਹੁੰਚੇ ਤੇ ਸਾਰਾ ਹਾਲ ਸੁਣਾਇਆ ਕਿ ਕਿਸਾਨ ਝੂਠਾ ਹੈ। ਕਿਸਾਨ ਦੁਹਾਈ ਦਈ ਜਾਏ। ਰਾਇ ਸਾਰੀ ਗੱਲ ਸਮਝਦਾ ਸੀ ਕਿ ਨਾਨਕ ਰੱਬ ਦਾ ਬੰਦਾ ਹੈ। ਰੱਬ ਆਪਣੇ ਪਿਆਰਿਆਂ ਨੂੰ ਜਲੀਲ ਨਹੀ ਹੋਣ ਦਿੰਦਾ।

ਫੁਟ ਨੋਟ ◈ ਨਾਨਕਸ਼ਾਹੀ ਸਾਲ ਜਾਂ ਬਾਬੇ ਦੀ ਉਮਰ ਹੀ 'ਬਾਬ' ਭਾਵ ਚੈਪਟਰ ਨੰ. ਹੈ।

ਇਥੇ ਗੁਰੂ ਸਾਹਿਬ ਫਿਰ ਸਬਦ ਉਚਾਰਿਆ। :-

ਸੂਹੀ ਮਹਲਾ ੧ ॥ ਜੋਗੀ ਹੋਵੈ ਜੋਗਵੈ ਭੋਗੀ ਹੋਵੈ ਖਾਇ ॥ ਤਪੀਆ ਹੋਵੈ ਤਪੁ ਕਰੇ ਤੀਰਥਿ ਮਲਿ ਮਲਿ ਨਾਇ ॥੧॥ ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ ॥੧॥ ਰਹਾਉ ॥ ਜੈਸਾ ਬੀਜੈ ਸੋ ਲੁਣੇ ਜੋ ਖਟੇ ਸੁੋ ਖਾਇ ॥ ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ ॥੨॥ ਤੈਸੋ ਜੈਸਾ ਕਾਢੀਐ ਜੈਸੀ ਕਾਰ ਕਮਾਇ ॥ ਜੋ ਦਮੁ ਚਿਤਿ ਨ ਆਵਈ ਸੋ ਦਮੁ ਬਿਰਥਾ ਜਾਇ ॥੩॥ ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ ॥ ਨਾਨਕ ਕੰਮਿ ਨ ਆਵਈ ਜਿਤੁ ਤਨਿ ਨਾਹੀ ਸਚਾ ਨਾਉ ॥ (ਪੰਨਾ - ੭੩੦)

ਉਹ ਖੱਤਾ ਜਿਹੜਾ ਉਜੜਿਆ ਸੀ ਓਥੇ ਅੱਜ ਵੀ ਯਾਦਗਾਰ 'ਕਿਆਰਾ ਸਾਹਿਬ' ਸ਼ੁੱਸ਼ੋਭਤ ਹੈ।

----◈----

## ਢਲ ਸੂਰਜ ਗਇਆ ਪਰ ਰੁੱਖ ਦੀ ਛਾਂ ਨਾਂ ਢਲੀ


ਇਹ ਓਦੋਂ ਦੀ ਗੱਲ ਹੈ ਜਦੋਂ ਬਾਬਾ 13-14 ਸਾਲਾਂ ਦਾ ਸੀ। ਇਕ ਦਿਨ ਪਿਤਾ ਨੇ ਕਿਹਾ ਕਿ

"ਕਾਕਾ ਅੱਜ ਸਾਰੇ ਹਾਲੀ ਪਾਲੀ ਪੈਲੀ ਗੋਡਣ ਗਏ ਨੇ ਤੇ ਫਲਾਣੇ ਖੇਤ ਵਿੱਚ ਕਣਕ ਦਾ ਬੀਅ ਪਾਇਆ ਹੈ। ਲਾਗੇ ਰੁੱਖਾਂ ਦਾ ਝੁੰਡ ਆ। ਓਥੇ ਦੋ ਤਿੰਨ ਘੜੀਆਂ ਨਿਗਾਹ ਰੱਖ ਕਿਤੇ ਤੋਤੇ ਕਾਂ ਚਿੜ੍ਹੀਆਂ ਹੀ ਨਾਂ ਬੀਅ ਚੁੱਗ ਲੈਣ। "

ਬਰਖੁਰਦਾਰ ਨਾਨਕ ਝੱਟ ਰਵਾਨਾ ਹੋ ਗਇਆ।



ਰਾਇ ਬੁਲਾਰ ਨੇ ਜਦੋਂ ਖ਼ੁੱਦ ਵੇਖਿਆ ਕਿ ਬਾਬਾ ਨਾਨਕ ਨੂੰ ਛਾਂ ਦੇਣ ਲਈ ਤਾਂ ਮਾਲ ਭਾਵ ਸਾਲ ਰੁੱਖ ਦੀ ਛਾਂ ਵੀ ਖਲੋ ਹੈ ਤਾਂ ਉਸ ਦੁਹਾਈ ਦੇ ਦਿੱਤੀ ਕਿ ਇਹ ਨਾਨਕ ਕੋਈ ਰੱਬੀ ਰੂਹ ਹੈ। (ਉਤੇ ਪੁਰਾਣੀ ਪੇਂਟਿੰਗ ਬੀ-40 ਤੋਂ। ਹੇਠਾਂ ਜਿੱਥੇ ਛਾਂ ਖਲੋ ਗਈ ਸੀ ਉਥੇ ਗੁਰਦੁਆਰਾ ਮਾਲ ਜੀ ਸਾਹਿਬ। (ਇਸ ਇਲਾਕੇ ਵਿਚ ਸਾਲ ਨੂੰ ਮਾਲ ਕਹਿੰਦੇ ਹਨ)



ਬਾਬੇ ਨੇ ਪੈਲੀ ਕੋਲ ਪਹੁੰਚ ਵੇਖਿਆ ਕਿ ਸਭ ਠੀਕ ਹੈ। ਬਾਬਾ ਰੁੱਖ ਹੇਠ ਬੈਠ ਗਿਆ। ਅਜਿਹੀ ਬਿਰਤੀ ਨਿਰੰਕਾਰ ਨਾਲ ਲੱਗੀ ਕਿ ਨਾਲ ਹੀ ਅੱਖ ਵੀ ਲੱਗ ਗਈ। ਕੁਝ ਸਮੇਂ ਬਾਦ ਰਾਇ ਬੁਲਾਰ ਲਾਗਿਓ ਦੀ ਲੰਘਿਆ। ਆਪਣੇ ਨਫਰ (ਨੌਕਰ) ਨੂੰ ਪੁੱਛਿਆ ਕਿ ਆਹ ਕਿਹੜਾ ਸਖਸ਼ ਸੁੱਤਾ ਪਿਆ ਹੈ? ਨਫਰ ਨੇ ਵੇਖ ਕੇ ਕਿਹਾ ਕਿ ਮਾਲਕ ਇਹ ਕਾਲੂ ਦਾ ਮੁੰਡਾ ਨਾਨਕ ਹੈ।

ਦੋ ਤਿੰਨ ਘੜੀਆਂ ਬਾਦ ਰਾਇ ਬੁਲਾਰ ਜਦੋਂ ਮੁੜ ਕੇ ਆਇਆ ਤਾਂ ਕੀ ਵੇਖਦਾ ਹੈ ਕਿ ਨਾਨਕ ਅਜੇ ਵੀ ਓਥੇ ਸੁੱਤਾ ਪਿਐ। ਉਹਦੀ ਹੈਰਾਨੀ ਦੀ ਹੱਦ ਨਾਂ ਰਹੀ ਜਦੋਂ ਉਸ ਵੇਖਿਆ ਕਿ ਮਾਲ (ਸਾਲ) ਦਾ ਰੁੱਖ ਜਿਸ ਥੱਲੇ ਨਾਨਕ ਸੁੱਤਾ ਹੈ ਉਹਦੀ ਛਾਂ ਓਥੇ ਦੀ ਓਥੇ ਹੀ ਹੈ ਬਾਕੀ ਰੁੱਖਾਂ ਦੀ ਛਾਂ ਸੂਰਜ ਮੁਤਾਬਿਕ ਢਲ ਚੁੱਕੀ ਹੈ।

ਰਾਇ ਨੇ ਕਹਿ ਕੇ ਨਾਨਕ ਨੂੰ ਜਗਾਇਆ। ਜਫੀ 'ਚ ਲਿਆ। ਇਕ ਵਖਰਾ ਹੀ ਸਰੂਰ ਮਹਿਸੂਸ ਕੀਤਾ। ਮੂੰਹੋ ਸਹਿਜ ਸੁਭਾਅ ਨਿਕਲਿਆ "ਸੁਬਹਾਨ ਅੱਲਾ। ਨਾਨਕ ਤੂੰ ਤਾਂ ਕੋਈ ਵਲੀ ਆਂ। ਤੂੰ ਤਾਂ ਰੱਬ ਦਾ ਬਖਸ਼ਿਆ ਹੋਇਆ ਬੰਦਾਂ ਹੈ। ਮੈਂ ਕੁਰਬਾਨ। ਮੈਂ ਸਦਕੇ ਜਾਵਾਂ। "

ਫਿਰ ਗੁਰੂ ਸਾਹਿਬ ਨੇ ਗਉੜੀ ਵਿੱਚ ਸ਼ਬਦ ਉਚਾਰਨ ਕੀਤਾ:-

ਗਉੜੀ ਬੈਰਾਗਣਿ ਮਹਲਾ ੧ ॥ ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥ ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥੧॥ ਨਾਮੁ ਨ ਜਾਨਿਆ ਰਾਮ ਕਾ ॥ ਮੂੜੇ ਫਿਰਿ ਪਾਛੈ ਪਛੁਤਾਹਿ ਰੇ ॥੧॥ ਰਹਾਉ ॥ ਅਨਤਾ ਧਨੁ ਧਰਣੀ ਧਰੇ ਅਨਤ ਨ ਚਾਹਿਆ ਜਾਇ ॥ ਅਨਤ ਕਉ ਚਾਹਨ ਜੋ ਗਏ ਸੇ ਆਏ ਅਨਤ ਗਵਾਇ ॥੨॥ ਆਪਣ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ ਹੋਇ ॥ ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ ॥੩॥ ਨਾਨਕ ਕਰਣਾ ਜਿਨਿ ਕੀਆ ਸੋਈ ਸਾਰ ਕਰੇਇ ॥ ਹੁਕਮੁ ਨ ਜਾਪੀ ਖਸਮ ਕਾ ਕਿਸੈ ਵਡਾਈ ਦੇਇ ॥੪॥੧॥੧੮ (ਪੰਨਾ-156)

----◈----

## ਰਾਇ ਬੁਲਾਰ ਮਹਿਤਾ ਖੁਦ ਕਾਲੂ ਘਰ ਪਹੁੰਚਿਆ

ਰਾਇ ਬੁਲਾਰ ਭੋਏ ਨੇ ਜਦੋਂ ਸੁੱਤੇ ਪਏ ਨਾਨਕ ਤੇ ਕੁਦਰਤ ਦਾ ਕ੍ਰਿਸ਼ਮਾ ਵੇਖਿਆ ਤਾਂ ਇਕ ਦਿਨ ਆਪ ਮਹਿਤਾ ਕਾਲੂ ਦੇ ਘਰ ਪਹੁੰਚ ਗਿਆ। ਮਹਿਤਾ ਕਾਲੂ ਅੱਗੇ ਹੋ ਕੇ ਰਾਏ ਭੋਇ ਨੂੰ ਮਿਲਿਆ। "ਧੰਨ ਮੇਰੇ ਭਾਗ" ਕਹਿ ਕੇ ਵਿਛਾਉਣੇ ਵਿਛਾਏ ਆਦਰ ਦੇ ਕੇ ਬੈਠਾਇਆ। ਬੁਲਾਰ ਨੇ ਕਹਿਣਾ ਸ਼ੁਰੂ ਕਰ ਦਿੱਤਾ,

"ਕਾਲੂ, ਮੇਰੇ ਕੋਲੋਂ ਉਸ ਦਿਨ ਧੱਕਾ ਹੋ ਗਇਆ ਹੈ, ਬੇਇਨਸਾਫੀ ਹੋ ਗਈ ਹੈ। ਮੇਰੇ ਮੰਨ ਤੇ ਬੋਝ ਹੈ। ਉਸ ਕਿਸਾਨ ਦੇ ਖੇਤ ਦਾ ਉਜਾੜਾ ਹੋਇਆ ਸੀ। ਪਰ ਅਸਾਂ ਉਸ ਦੀ ਇਕ ਗੱਲ ਨਾਂ ਮੰਨੀ ਤੇ ਉਲਟਾ ਉਸਨੂੰ ਡਾਂਟਿਆ ਫਿਟਕਾਰਿਆ ਸੀ। ਉਹ ਕਿਸਾਨ ਸੱਚਾ ਸੀ। ਮੇਰੀ ਤਸੱਲੀ ਹੋ ਗਈ ਹੈ। "

ਮਹਿਤਾ ਕਾਲੂ ਬੋਲਿਆ ਰਾਇ ਸਾਹਿਬ ਤੁਸੀ ਹੁਕਮ ਕਰੋ। ਉਜਾੜਾ ਹੋਇਆ ਜਾਂ ਨਹੀ ਅਸੀ ਤਾਂ ਤੁਹਾਡੇ ਹੁਕਮ ਮੁਤਾਬਿਕ ਭਰਨ ਨੂੰ ਤਿਆਰ ਹਾਂ। ਰਾਇ ਨੇ ਕਿਹਾ, "ਨਹੀ ਨਹੀ ਮੈਂ ਤੁਹਾਨੂੰ ਇਹ ਨਹੀ ਕਹਿਣ ਆਇਆ ਕਿ ਉਸ ਕਿਸਾਨ ਦਾ ਉਜਾੜਾ ਭਰੋ। ਮੈਂ ਕਹਿਣ ਆਇਆ ਹਾਂ ਕਿ ਉਸ ਕਿਸਾਨ ਨੂੰ ਦਿਲਾਸਾ ਦਿਓ ਕਿਉਕਿ ਉਹ ਵੀ ਸੱਚਾ ਸੀ। ਮੱਝਾਂ ਨੇ ਖੇਤ ਜਰੂਰ ਉਜਾੜਿਆ ਸੀ ਪਰ ਇਸ ਬਾਲ ਦੀ ਕਰਾਮਾਤ ਕਰਕੇ ਫਿਰ ਹਰਿਆ ਹੋ ਗਇਆ ਸੀ। ਮੈਂ ਅਜ ਫਿਰ ਆਪਣੇ ਅੱਖੀਂ ਨਾਨਕ ਦੀ ਜ਼ਾਹਿਰ ਕਰਾਮਾਤ ਵੇਖ ਲਈ ਹੈ। ਕਾਲੂ ਤੇਰਾ ਪੁੱਤ੍ਰ ਤਾਂ ਕੋਈ ਇਲਾਹੀ ਨੂਰ ਹੈ। ਤੂੰ ਤਾਂ ਭਾਗਾਂ ਵਾਲਾ ਨਿਕਲਿਓ। "

ਰਾਇ ਨੇ ਹੁਕਮ ਕਰਕੇ ਉਸ ਭੱਟੀ ਕਿਸਾਨ ਨੂੰ ਵੀ ਸੱਦਿਆ ਜਿਸ

ਦਾ ਖੇਤ ਨਾਨਕ ਨੇ ਉਜਾੜ ਦਿੱਤਾ ਸੀ। ਰਾਇ ਨੇ ਭੱਟੀ ਨੂੰ ਕਿਹਾ ਦੱਸ ਸਾਰੀ ਗੱਲ। ਕਿਸਾਨ ਕਹਿਣ ਲੱਗਾ, "ਮੈਨੂੰ ਕਸਮ ਆਪਣੇ ਖੁਦਾਵੰਦ ਦੀ, ਨਾਨਕ ਦੀਆਂ ਮੱਝਾਂ ਨੇ ਸਾਰਾ ਖੇਤ ਉਜਾੜ ਦਿੱਤਾ ਸੀ। ਪਰ ਜਦੋਂ ਮੁਨਸਫ ਵੇਖਣ ਗਏ ਤਾਂ ਖੇਤ ਫਿਰ ਹਰਿਆ ਭਰਿਆ ਨੌ ਬਰ ਨੌ ਸੀ। ਮੈਂ ਝੂਠਾ ਪੈ ਗਇਆ ਸੀ। ਫਿਰ ਐਤਕਾਂ ਉਸ ਖੇਤ ਦਾ ਝਾੜ ਵੀ ਪਹਿਲਾਂ ਨਾਲੋਂ ਕਈ ਗੁਣਾ ਵੱਧ ਹੋਇਆ ਹੈ। ਮੈਂ ਇਸ ਅਜਮਤ ਤੋਂ ਹੈਰਾਨ ਹਾਂ। ਰਾਇ ਜੀ ਇਹ ਤਾਂ ਰੱਬ ਨੇ ਮੇਰੇ ਨਾਲ ਕੋਈ ਠੱਠਾ ਮਖੌਲ ਕੀਤਾ ਸੀ।"

ਰਾਇ ਨੇ ਕਿਸਾਨ ਨੂੰ ਹੌਸਲਾ ਦਿੱਤਾ। "ਨਹੀ ਭਰਾਵਾ ਤੂੰ ਸੱਚਾ ਹੈ। ਇਹ ਸਭ ਨਾਨਕ ਦੀ ਕਰਾਮਾਤ ਹੈ। ਇਹ ਕੋਈ ਇਲਾਹੀ ਜੀਅ ਸਾਡੇ ਪਿੰਡ ਨੂੰ ਤਾਰਨ ਖੁਦਾਵੰਦ ਨੇ ਭੇਜਿਆ ਹੈ। ਮੈਂ ਖੁਦ ਇਹਦੀ ਕਰਾਮਾਤ ਆਪਣੇ ਅੱਖੀ ਵੇਖੀ ਹੈ। ਇਹਦੇ ਵਾਸਤੇ ਤਾਂ ਪਰਛਾਵੇ ਵੀ ਖਲੋ ਜਾਂਦੇ ਨੇ।" ਰਾਇ ਨੇ ਰੁੱਖ ਦੀ ਛਾਂ ਖਲੋਣ ਵਾਲੀ ਸਾਰੀ ਗੱਲ ਫਿਰ ਦੱਸੀ।


ਰਾਇ ਨੇ ਫਿਰ ਕਾਲੂ ਨੂੰ ਕਿਹਾ,

"ਕਾਲੂ ਮਤ ਸੋਚ ਕਿ ਤੂੰ ਇਸ ਬਾਲਕ ਨੂੰ ਪਾਲ ਰਿਹਾ ਹੈਂ। ਇਹ ਤੇਰਾ ਪੁੱਤ੍ਰ ਨਹੀ। ਇਹ ਤਾਂ ਕੋਈ ਬਜ਼ੁੱਰਗ ਆਇਆ ਹੈ ਸਾਡੇ ਵਿੱਚ ਜਿਸ ਵਿੱਚ ਐਨੀਆਂ ਅਜ਼ਮਤਾਂ ਹਨ। ਜੇ ਜੀਵਨ ਵਿੱਚ ਕੋਈ ਮਰਤਬਾ ਚਾਹੁੰਨੇ ਤਾਂ ਇਸ ਦੀ ਖਿਦਮਤ ਕਰਿਆ ਕਰ ਨਹੀ ਤਾਂ ਮਾਰਿਆ ਜਾਵੇਗਾ। ਮੈਂ ਇਸ ਦੀ ਜ਼ਾਹਰਾ ਕਰਾਮਾਤ ਵੇਖੀ ਹੈ। ਇਹ ਤਾਂ ਕੋਈ ਗਾਊਸ ਖੁਦਾ ਦਾ ਹੈ।"

----◈----

## "ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ"

ਮਾਇਆ ਵਿੱਚ ਮੋਹੇ ਬੰਦੇ ਨੂੰ ਰੂਹਾਨੀਅਤ ਦੀਆਂ ਰਮਜ਼ਾਂ ਦੀ ਸਮਝ ਨਹੀ ਆਉਦੀ। ਉਹ ਇਸ ਅਵਸਥਾ ਨੂੰ ਨਾਟਕਬਾਜੀ ਜਾਂ ਪਾਗਲਪਨ ਮੰਨਦਾ ਹੈ। ਪਿਤਾ ਕਾਲੂ ਦੀ ਵੀ ਇਹੋ ਹਾਲਤ ਸੀ। ਹਰ ਕੋਈ ਦੁਹਾਈ ਦੇ ਰਿਹਾ ਸੀ ਕਿ ਨਾਨਕ ਕੋਈ ਕਰਾਮਾਤੀ ਆਤਮਾ ਹੈ, ਕੋਈ ਇਲਾਹੀ ਜੀਅ ਹੈ, ਪਰ ਪਿਤਾ ਕਾਲੂ ਨੂੰ ਇਹ ਸਭ ਪਾਖੰਡ ਨਜਰ ਆਉਦਾ ਸੀ। ਜਦੋਂ ਵੀ ਗੁਰੂ ਸਾਹਿਬ ਸੱਚ ਦੀ ਗੱਲ ਕਰਦੇ, ਜਾਂ ਇਕ ਦਿਨ ਚਲੇ ਜਾਣ ਦੀ ਗੱਲ ਕਰਦੇ ਤਾਂ ਪਿਤਾ ਜੀ ਨੇ ਕਹਿ ਦੇਣਾ, "ਇਹੋ ਜਿਹੀ ਕੋਈ ਗੱਲ ਨਹੀ ਇਹ ਤਾਂ ਛੋਟਾ ਹੁੰਦਾ ਵੀ ਮਰਨ ਦੀਆਂ ਗੱਲਾਂ ਕਰਿਆ ਕਰਦਾ ਸੀ।" ਜਦੋ ਕਿਸੇ ਨੇ ਹਮਦਰਦੀ ਜਿਤਾਉਦੇ ਤਰੀਕੇ ਤਰੀਕੇ ਕਹਿਣਾ ਕਿ ਮਹਿਤਾ ਜੀ ਤੇਰਾ ਮੁੰਡਾ ਸ਼ੁਦਾਈ ਹੈ। ਉਸ ਵੇਲੇ ਪਿਤਾ ਨੇ ਕਹਿਣਾ "ਨਹੀ ਭਰਾਵਾ! ਇ੍ਹਨੇ ਤਾਂ ਪਾਠਸ਼ਾਲਾ ਤੇ ਮਦਰੱਸੇ ਵਿੱਚ ਧੁਮ ਮਚਾ ਦਿੱਤੀ ਸੀ। ਉਸਤਾਦ ਮੌਲਵੀ ਤੇ ਪੰਡਤ ਦੋਵੇ ਹੈਰਾਨ ਹੋਇਆ ਕਰਦੇ ਸਨ ਕਿ ਇਕ ਵਾਰੀ ਜਿਹੜਾ ਸਬਕ ਸੁਣ ਲੈਂਦਾ ਇਨੂੰ ਤੁਰੰਤ ਯਾਦ ਹੋ ਜਾਂਦਾ ਹੈ। ਦੂਸਰੀ ਵਾਰ ਦੱਸਣ ਦੀ ਜਰੂਰਤ ਹੀ ਨਹੀ ਪੈਂਦੀ। ਇਹ ਆਲਸੀ ਹੈ। ਨਾਟਕ ਕਰਦਾ ਹੈ।"



ਅਗਿਆਨੀ ਵੈਦ ਨੂੰ ਕੀ ਪਤਾ ਕਿ ਪੀੜ ਕਿੱਥੇ ਹੈ?

ਪਰ ਪਿਤਾ ਦੀ ਮੁਖਾਲਫਤ ਦਾ ਬਾਬਾ ਜੀ ਤੇ ਕੋਈ ਅਸਰ ਨਾਂ ਹੁੰਦਾ ਉਹ ਹਮੇਸ਼ਾਂ ਮਸਤ ਰਹਿੰਦੇ। ਅਨੰਦ ਵਿੱਚ ਹੁੰਦੇ। ਬਹੁਤਾ ਕਰਕੇ ਨਿਰੰਕਾਰ ਦਾ ਜੱਸ ਗਾ ਗਾ ਕੇ ਕਰਦੇ। ਉਹਨਾਂ ਦਾ ਗਾਉਣਾ ਤਾਂ ਮਸ਼ਹੂਰ ਹੋ ਗਇਆ ਸੀ। ਕੰਮੀਆਂ, ਮਰਾਸੀਆਂ ਦੇ ਮੁੰਡੇ ਉਹਦੇ ਯਾਰ ਸਨ। ਹਾਂ ਕਦੀ ਪਿਆਰੇ ਮਾਲਕ ਦੀ ਯਾਦ ਵਿੱਚ ਅਜਿਹਾ ਵੈਰਾਗ ਪੈਦਾ ਹੁੰਦਾ ਕਿ ਰੋ ਵੀ ਪੈਂਦੇ। ਉਨਾਂ ਵਾਸਤੇ ਫਿਕਰ ਚਿੰਤਾ ਨਾਂ ਦੀ ਕੋਈ ਚੀਜ਼ ਹੀ ਨਹੀ ਸੀ। "ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥ ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥" ਪਰ ਜਿਆਦਾ ਚੁੱਪ ਚਾਪ ਹੀ ਪਏ ਰਹਿੰਦੇ। ਮਨ ਹੀ ਮਨ ਵਿੱਚ ਨਿਰੰਕਾਰ ਦੀ ਕੁਦਰਤ ਬਾਰੇ ਸੋਚਦੇ। ਉਹਦੇ ਹੁਕਮ ਤੇ ਅਨੰਤਤਾ ਬਾਰੇ ਸੋਚਦੇ ਸੋਚਦੇ ਅਕਸਰ ਵਿਸਮਾਦ ਵਿੱਚ ਆ ਜਾਂਦੇ।

ਖੇਡਦੇ ਮੱਲਦੇ ਕਦੀ ਮੂੰਹੋ ਕੋਈ ਗੱਲ ਸਹਿਜ ਸੁਭਾਅ ਨਿਕਲ ਜਾਣੀ ਤਾਂ ਉਹ ਸੱਚੀ ਹੋ ਜਾਂਦੀ ਸੀ। ਜਿਸ ਕਰਕੇ ਅਕਸਰ ਲੋਕ ਉਨਾਂ ਕੋਲੋ ਅਸ਼ੀਰਵਾਦ ਦੀ ਉਮੀਦ ਲੈ ਕੇ ਆਉਦੇ। ਉਨਾਂ ਦੀ ਮਿਹਰ ਦੀ ਨਿਗਾਹ ਸਦਕਾ ਅਕਸਰ ਰੋਗੀਆਂ ਦੇ ਰੋਗ ਦੂਰ ਹੋ ਜਾਂਦੇ। ਕਸ਼ਟ ਕੱਟੇ ਜਾਂਦੇ।

ਮਾਂ ਤ੍ਰਿਪਤਾ ਦੁਬਿਧਾ ਵਿੱਚ ਰਹਿੰਦੇ। ਇਕ ਪਾਸੇ ਲੋਕਾਈ ਦੀਆਂ ਗੱਲਾਂ ਸਨ ਕਿ ਨਾਨਕ ਕੋਈ ਬਖਸ਼ੀ ਰੂਹ ਹੈ ਦੂਸਰੇ ਪਾਸੇ ਰੋਜ ਪਤੀ ਦੇ ਵਖਿਆਨ ਹੁੰਦੇ ਸਨ ਕਿਉਕਿ "ਮਾਇਆਧਾਰੀ ਅਤਿ ਅੰਨਾ ਬੋਲਾ ॥ ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥" ਪਤੀ ਨੇ ਬਾਰ ਬਾਰ ਇਹੋ ਕਹਿਣਾ ਕਿ "ਇਹੋ ਜਿਹੀ ਕੋਈ ਗੱਲ ਨਹੀ, ਮੁੰਡਾ ਆਲਸੀ ਹੈ।"

ਪੈੜ ਸੂਹਾ

**ਫਨੀਅਰ ਸੱਪ ਨੇ ਛਾਂ ਕਰਨੀ** - ਬਾਲੇ ਵਾਲੀ ਜਨਮ ਸਾਖੀ ਵਿੱਚ ਇਹੋ ਘਟਨਾਂ ਇਸ ਤਰਾਂ ਦਿੱਤੀ ਹੈ ਕਿ ਗੁਰੂ ਸਾਹਿਬ ਦੇ ਚਿਹਰੇ ਤੇ ਫਨੀਅਰ ਸੱਪ ਨੇ ਛਾਂ ਕਰ ਦਿੱਤੀ ਜਦੋਂ ਰੁੱਖ ਦੀ ਛਾਂ ਫਿਰੀ ਤਾਂ। ਸਾਡੀ ਰਾਇ ਹੈ ਕਿ ਬਾਲੇ ਵਾਲੀ ਦੇ ਲਿਖਾਰੀ ਨੇ ਇਸ ਘਟਨਾਂ 'ਚ ਰੋਲ ਘਚੋਲਾ ਪਾ ਦਿੱਤਾ ਹੈ। ਅਸਲ ਸਾਖੀ ਰੁੱਖ ਦੀ ਸਥਿਰ ਹੋਈ ਛਾਂ ਦੀ ਹੀ ਹੈ। ਸੋਢੀ ਮਿਹਰਬਾਨ ਨੇ ਵੀ ਰੁੱਖ ਵਾਲੀ ਗੱਲ ਹੀ ਲਿਖੀ ਹੈ। ਪਰ ਜਿੰਨਾਂ ਰੁਖਾਂ ਥੱਲੇ ਇਹ ਘਟਨਾਂ ਘਟੀ ਸੀ ਉਸ ਸਥਾਨ ਨੂੰ ਵੀ ਸ਼ਰਧਾਲੂਆਂ ਨੇ ਫਨੀਅਰ ਸੱਪ ਨਾਲ ਜੋੜ ਦਿੱਤਾ ਹੈ। ਇਤਹਾਸਕਾਰਾਂ ਦਾ ਕਹਿਣਾ ਹੈ ਕਿ ਫਨੀਅਰ ਸੱਪ ਵਾਲੀ ਕਹਾਣੀ ਬਾਦ ਵਿਚ ਜੋੜੀ ਗਈ ਹੈ। ਅਸਲ ਗਲ ਛਾਂ ਦਾ ਸਥਿਰ ਹੋਣਾ ਹੈ। ਸੱਪ ਵਾਲੀ ਨਕਲੀ ਸਾਖੀ ਤੋਂ ਪ੍ਰਭਾਵਤ ਹੋ ਕੇ ਕੁਝ ਸ਼ਰਧਾਲੂਆਂ ਨੇ ਮਾਲ ਸਾਹਿਬ ਲਾਗੇ ਇਕ ਸੱਪ ਵਾਲੀ ਥਾਂ ਤੇ ਵੀ ਛੋਟੀ ਜਿਹੀ ਗੁਮਟੀ ਬਣਾ ਦਿੱਤੀ ਹੈ।



ਪਿਛਲੇ ਕੁਝ ਦਿਨਾਂ ਤੋਂ ਜਿਵੇ ਨਾਨਕ ਚੁੱਪ ਚੁੱਪ ਰਿਹਾ। ਅੰਨ ਪਾਣੀ ਦੀ ਵੀ ਪ੍ਰਵਾਹ ਨਹੀ ਸੀ ਕਰਿਆ ਕਰਦੇ ਗੁਰੂ ਸਾਹਿਬ। "ਓਨਹੀਂ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥ " ਮੰਨ ਵਿੱਚ ਵੈਰਾਗ ਭਾਰੂ ਹੋ ਰਿਹਾ ਸੀ ਤਾਂ ਮਹਿਤਾ ਕਾਲੂ ਨੂੰ ਫਿਰ ਕਿਸੇ ਸਲਾਹ ਦਿੱਤੀ ਕਿ ਕਿਸੇ ਵੈਦ ਹਕੀਮ ਦੀ ਰਾਇ ਲੈਣ 'ਚ ਕੀ ਬੁਰਾ ਹੈ? ਮਹਿਤਾ ਜੀ ਨੂੰ ਗੱਲ ਕੁਝ ਜੱਚੀ। ਵੈਦ ਹਰਦਾਸ ਨੂੰ ਘਰ ਬੁਲਾਇਆ ਗਿਆ।

ਵੈਦ ਨੇ ਘਰ ਆ ਬਾਬੇ ਦੀ ਨਬਜ਼ ਟਟੋਲਨੀ ਸ਼ੁਰੂ ਕਰ ਦਿੱਤੀ। ਗੁਰੂ ਸਾਹਿਬ ਨੇ ਵੈਦ ਕੋਲੋ ਪੁੱਛਿਆ ਕਿ ਕੀ ਕਰ ਰਹੇ ਹੋ? ਵੈਦ ਨੇ ਦੱਸਿਆ ਕਿ ਮੈਂ ਵੈਦ ਹਾਂ ਤੇਰਾ ਇਲਾਜ ਕਰਨ ਆਇਆਂ ਹਾਂ। ਤੇਰੇ ਪਿਤਾ ਜੀ ਨੇ ਮੈਨੂੰ ਸੱਦਿਆ ਹੈ। ਗੁਰੂ ਸਾਹਿਬ ਨੇ ਝੱਟ ਬਾਂਹ ਛੁਡਾ ਲਈ ਤੇ ਕਿਹਾ ਕਿ, "ਵੈਦਾ ਵੈਦੁ ਸੁਵੈਦੁ ਤੂੰ ਪਹਿਲਾਂ ਰੋਗੁ ਪਛਾਣੁ ॥ " (ਮ.2) ਕਿ ਭਾਈ ਤੂੰ ਐਵੇ ਬਾਂਹ ਮਰੋੜੀ ਪਿਆ ਜਾਂਨਾ ਏ ਪਹਿਲਾਂ ਰੋਗ ਤਾਂ ਪਛਾਣ। ਰੋਗ ਬਾਂਹ ਵਿੱਚ ਨਹੀ ਹੈ," ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥ ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥ " ਵੇਦਨ ਤਾਂ ਮੇਰੇ ਹਿਰਦੇ ਵਿੱਚ ਹੈ, ਤੂੰ ਬਾਂਹ ਟਟੋਲੀ ਜਾਨਾਂ ਏ। ਵੈਦ ਨੇ ਪੁੱਛਿਆ ਕਿ "ਨਾਨਕ ਕਿਹੜੀ ਕਰਕ (ਪੀੜ) ਹੈ ਤੇਰੇ ਕਲੇਜੇ ਵਿੱਚ?"ਗੁਰੂ ਸਾਹਿਬ ਨੇ ਨਿਰੰਕਾਰ ਤੋਂ ਵਿਛੋੜੇ ਵਾਲੀ ਸਾਰੀ ਗੱਲ ਦੱਸੀ। "ਇਕੁ ਤਿਲੁ ਪਿਆਰਾ ਵਿਸਰੈ ਦੁਖੁ ਲਾਗੈ ਸੁਖੁ ਜਾਇ ॥ ਜਿਹਵਾ ਜਲਉ ਜਲਾਵਣੀ ਨਾਮੁ ਨ ਜਪੈ ਰਸਾਇ ॥ " ਕੇ ਜੇ ਕਿਤੇ ਮੈਂ ਸਕਿੰਟ ਵਾਸਤੇ ਵੀ ਆਪਣੇ ਮਾਲਕ ਤੋਂ ਦੂਰ ਹੁੰਨਾ ਵਾਂ ਤਾਂ ਮੇਰਾ ਸਰੀਰ ਟੁੱਟਦਾ ਹੈ, ਸੜ੍ਹਦਾ ਵਾ, ਮੈਨੂੰ ਡਾਹਢਾ ਦੁੱਖ ਲਗਦਾ ਹੈ। ਇਸ ਕਰਕੇ ਮੈਂ ਕੋਸ਼ਿਸ਼ ਕਰਦਾ ਵਾਂ ਉਹਨੂੰ ਹਿਰਦੇ ਵਿੱਚ ਰੱਖਣ ਦੀ।

ਗੁਰੂ ਸਾਹਿਬ ਨੇ ਵੈਦ ਸਾਹਮਣੇ ਨਾਮ ਦੀ ਉਸਤਤ ਕੀਤੀ ਪਰ ਵੈਦ ਕਹਿਣ ਲੱਗਾ ਕਿ ਉਹ ਤਾਂ ਠੀਕ ਹੈ ਪਰ ਜੇ ਸਰੀਰਕ ਦੁੱਖ

ਪੈੜ ਸਫ਼ਾ

## ਢਹਿ ਚੁੱਕੀਆਂ ਇਮਾਰਤਾਂ ਦੀ ਨਹੀ, ਇਹ ਤਾਂ ਚੰਗੀਆ ਭਲੀਆਂ ਦੁਆਲੇ ਹੋ ਗਏ ਨੇ

## ਕਾਰਸੇਵਾ ਘਪਲਾ ਪਹੁੰਚਿਆ ਪਾਕਿਸਤਾਨ ਵੀ

ਸਿੱਖ ਧਰਮ ਵਿਚ ਕਾਰ ਸੇਵਾ ਦਾ ਸਿਧਾਂਤ ਹੈ ਬਹੁਤ ਮਾਅਰਕੇ ਦਾ ਹੈ ਜਿਸ ਅਨੁਸਾਰ ਪੁਰਾਤਨ ਵਿਰਸੇ ਨੂੰ ਬਚਾਉਣਾ ਅਤੇ ਜਰੂਰਤ ਅਨੁਸਾਰ ਨਵੀਆਂ ਇਮਾਰਤਾਂ ਦੀ ਤਾਮੀਰ ਕਰਨੀ ਹੁੰਦੀ ਹੈ। ਗੁਰੂ ਦੀ ਗੋਲਕ ਸਦਕਾ ਫਿਰ ਪੁਰਾਤਨਤਾ ਦੀ ਮੁਰੰਮਤ ਦੇ ਨਾਲ ਨਾਲ ਨਵੀਆਂ ਸਰਾਵਾਂ, ਲੰਗਰ ਹਾਲ, ਸਕੂਲ, ਹਸਪਤਾਲ ਸਾਜਣੇ ਹੁੰਦੇ ਨੇ।

ਪਰ ਬਦਕਿਸਮਤੀ ਨਾਲ ਕਾਰਸੇਵਾ ਵੀ ਅੱਜ ਵਪਾਰ ਜਾਂ ਸਨਅਤ ਹੀ ਬਣ ਗਈ ਹੈ। ਪਹਿਲਾਂ ਕਾਰਸੇਵਾ ਸੇਵਾ ਸੀ ਜਾਂ ਮਿਸ਼ਨ ਹੁੰਦਾ ਸੀ। ਅੱਜ ਕਾਰ ਸੇਵਕ ਦਾ ਨਿਸ਼ਾਨਾ ਕ੍ਰੋੜਪਤੀ ਬਣਨਾ ਹੈ। ਫਿਰ ਧਾਰਮਿਕ ਰਾਜਨੇਤਾਵਾਂ ਤੇ ਕਾਰ ਸੇਵਾ ਬਾਬਿਆਂ ਦੇ ਨਾਪਾਕ ਗੱਠ ਜੋੜ ਅੱਜ ਇਤਹਾਸ ਅਤੇ ਪੁਰਤਾਨਤਾ ਵਾਸਤੇ ਖਤਰਾ ਬਣ ਚੁੱਕੇ ਹਨ। ਸਿੱਖ ਇਤਹਾਸ ਨਾਲ ਸਬੰਧਤ ਸੈਕੜੇ ਇਮਾਰਤਾਂ ਜਿੰਨਾਂ ਨਾਲ ਪੁਰਾਣੀਆਂ ਯਾਦਾਂ ਜੁੜੀਆਂ ਹੋਈਆ ਸਨ, ਢਾਹ ਕੇ ਨਵੀਆਂ ਬਣਾ ਦਿੱਤੀਆਂ ਗਈਆਂ ਹਨ। ਇਹ ਮੰਨੀ ਹੋਈ ਗਲ ਹੈ ਕਿ ਕਾਰ ਸੇਵਾ ਵਾਲੇ ਬਾਬੇ ਪੁਰਾਤਤਵ ਨੂੰ ਕੋਈ ਅਹਿਮੀਅਤ ਨਹੀ ਦਿੰਦੇ। ਇਕ ਨਹੀ ਸੈਕੜੇ ਪੁਰਾਣੀਆਂ ਯਾਦਗਾਰਾਂ ਇਹਨਾਂ ਢਾਹੀਆਂ ਹਨ।



ਤੰਬੂ ਸਾਹਿਬ ਜਿੱਥੇ ਗੁਰੂ ਸਾਹਿਬ ਸੱਚਾ ਸੌਦਾ ਕਰਨ ਉਪਰੰਤ ਪਿਤਾ ਤੋਂ ਡਰਦੇ ਲੁਕੇ ਸਨ। ਉਹਦੀ ਕਾਰ ਸੇਵਾ ਹੋ ਰਹੀ ਹੈ ਤੇ ਖੂਬਸੂਰਤ ਬਾਲ ਲੀਲਾ ਅਸਥਾਨ ਵੀ ਢਾਹ ਦਿੱਤਾ ਗਇਆ ਹੈ।

ਮਿਸਾਲ ਦੇ ਤੌਰ ਤੇ ਸੁਲਤਾਨਪੁਰ ਲੋਧੀ ਦੀ ਉਹ ਮਸੀਤ ਢਾਹ ਕੇ ਗੁਰਦੁਆਰਾ ਬਣਾ ਦਿਤਾ ਜਿਥੇ ਬਾਬੇ ਨਾਨਕ ਨੇ ਨਮਾਜ ਪੜੀ ਸੀ। ਚਮਕੌਰ ਦੀ ਕੱਚੀ ਗੜੀ, ਸਰਹੰਦ ਦਾ ਠੰਡਾ ਬੁਰਜ, ਅੰਮ੍ਰਿਤਸਰ ਵਿਚ ਗੁਰੂ ਸਾਹਿਬ ਦੇ ਨਿਵਾਸ ਅਸਥਾਨ ਗੁਰੂ ਕੇ ਮਹਿਲ ਜਿਥੇ ਗੁਰੂ ਤੇਗ ਬਹਾਦਰ ਸਾਹਿਬ ਦਾ ਜਨਮ ਹੋਇਆ ਸੀ, ਜਿਥੇ ਪਿਆਰੀਆਂ ਪਿਆਰੀਆਂ ਛੋਟੀ ਇੱਟ ਦੀਆਂ ਕੋਠੜੀਆਂ ਸਨ ਭਾਵ ਗੁਰੂ ਕੇ ਮਹਿਲ ਨੂੰ ਢਾਹ ਕੇ ਰੁੱਖਾ ਸੰਗ ਮਰਮਰੀ ਗੁਰਦੁਆਰਾ ਸਾਹਿਬ ਬਣਾ ਦਿਤਾ ਗਿਆ ਹੈ। ਸਿੱਖਾਂ ਦਾ ਪਹਿਲਾ ਕਿਲਾ ਗੁਰੂ ਹਰਗੋਬਿੰਦ ਸਾਹਿਬ ਦਾ ਲੋਹ ਗੜ੍ਹ ਢਾਹ ਕੇ 6-6 ਫੁੱਟ ਚੌੜੀ ਕੰਧ ਦਾ ਨਾਮੋ ਨਿਸ਼ਾਨ ਮਿੱਟਾ ਦਿਤਾ ਗਿਆ ਹੈ। ਸਾਨੂੰ ਸਮਝ ਨਹੀ ਆਇਆ ਕਿ ਇਤਹਾਸਿਕ ਕੰਧ ਢਾਹੁੰਣ ਵਿਚ ਕਿਹੜੀ ਕਾਰ ਸੇਵਾ ਸੀ? ਏਸੇ ਤਰਾਂ ਅਨੰਦਪੁਰ ਸਾਹਿਬ ਦੇ ਕਈ ਅਸਥਾਨਾਂ ਦਾ ਕੁਝ ਦਾ ਕੁਝ ਬਣਾ ਦਿਤਾ ਗਿਆ ਹੈ।

ਹੁਣੇ ਹੁਣੇ (ਮਈ 2018) ਜਦੋਂ ਕਰਤਾਰਪੁਰ ਸਾਹਿਬ ਦੇ ਲਾਂਘੇ ਦੀ ਮਨਜ਼ੂਰੀ ਹੋਈ ਹੈ ਤਾਂ ਸ਼ਰੋਮਣੀ ਕਮੇਟੀ ਨੇ ਡੇਰਾ ਬਾਬਾ ਨਾਨਕ ਦਾ ਪ੍ਰਤੀਕ ਬਣ ਚੁੱਕੀ 50 ਸਾਲ ਪੁਰਾਣੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਦੀ ਇਮਾਰਤ ਢਾਹੁੰਣ ਦਾ ਠੇਕਾ ਵੀ ਦੇ ਦਿੱਤਾ ਹੈ। ਮਤਲਬ ਲਾਂਘਾ ਖੁੱਲਣ ਦੇ ਮੌਕੇ ਖਲਾਰਾ ਪਾਉਣਾ ਅਤੇ ਵੱਧ ਤੋਂ ਵੱਧ ਉਗਰਾਹੀ ਕਰਨਾਂ। ਯਾਦ ਰਹੇ ਪਾਕਿਸਤਾਨੀ ਸਿੱਖ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਦੇ ਦਰਸ਼ਨਾਂ ਲਈ ਤਰਲੇ ਲੈਂਦੇ ਆਏ ਹਨ।

ਇਹ ਅਨਪੜ੍ਹ ਕਾਰ ਸੇਵਾ ਬਾਬੇ ਜਿੰਨਾਂ ਨੂੰ ਇਮਾਰਤ ਦੀ ਪੁਰਾਤਤਵ ਅਹਿਮੀਅਤ ਦੀ ਕਦਰ ਨਹੀ ਹੁੰਦੀ ਅਕਸਰ ਹੀ ਹਾਸੋ ਹੀਣੇ ਕੰਮ ਵੀ ਕਰ ਜਾਂਦੇ ਹਨ। ਮਿਸਾਲ ਦੇ ਤੌਰ ਤੇ ਅੰਮ੍ਰਿਤਸਰ ਦੇ ਨੇੜੇ ਹੀ ਪਿੰਡ ਬਾਸਰਕੇ ਗਿੱਲਾਂ ਵਿਚ ਸੰਨ੍ਹ ਸਾਹਿਬ ਗੁਰਦੁਆਰਾ ਹੈ। ਇਥੇ ਬਾਬਾ ਬੁੱਢਾ ਜਿਹੇ ਗੁਰਸਿੱਖਾਂ ਨੇ ਗੁਰੂ ਅਮਰਦਾਸ ਪਾਤਸ਼ਾਹ ਦੇ ਘਰ ਦੀ ਕੰਧ ਵਿਚ ਸੰਨ੍ਹ (ਮੋਰੀ) ਲਾ ਕੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਸਨ। ਉਹ ਸੰਨ੍ਹ ਵਾਲੀ ਕੰਧ ਅੱਜ ਤੋਂ 70-80 ਸਾਲ ਤਕ ਮੌਜੂਦ ਰਹੀ। ਮੂਰਖ ਕਾਰ ਸੇਵਾ ਬਾਬੇ ਨੇ ਉਹ ਸੰਨ ਵਾਲੀ ਕੰਧ ਢਾਹ ਕੇ ਨਵੀ ਕੰਧ ਵਿਚ ਸੰਗਮਰਮਰ ਦੀ ਸਿੱਲ (ਸਲੈਬ) ਲਾ ਦਿਤੀ ਤੇ ਉਸ ਵਿਚ ਮੋਰੀ ਕਰ ਦਿਤੀ। ਇਸ ਕਾਰਸੇਵਾ ਵਰਤਾਰੇ ਦੀ ਪੜ੍ਹਤਾਲ ਕਰਨ ਉਪਰੰਤ ਪਤਾ ਲੱਗਾ ਹੈ ਕਿ ਕਾਰਸੇਵਾ ਵਾਲੇ ਨਵੀ ਇਮਾਰਤ (ਜਿਵੇ ਸਰਾਵਾਂ ਆਦਿ) ਸਾਜਣ ਦੇ ਮੁਕਾਬਲੇ ਮੁੱਖ ਗੁਰਦੁਆਰੇ ਨੂੰ ਢਾਹੁੰਣ ਨੂੰ ਜਿਆਦਾ ਤਰਜੀਹ ਦਿੰਦੇ ਹਨ। ਕਾਰਸੇਵਾ ਵਾਲੇ ਕਹਿੰਦੇ ਹਨ ਕਿ ਲੋਕ ਚੜਾਵਾ ਸਿਰਫ ਗੁਰਦੁਆਰਾ ਬਣਾਉਣ ਨੂੰ ਦਿੰਦੇ ਹਨ ਹੋਰ ਇਮਾਰਤ ਵਾਸਤੇ ਘੱਟ ਹੀ ਲੋਕ ਤਿਆਰ ਹੁੰਦੇ ਹਨ। ਬਾਬੇ ਅਕਸਰ ਦੇਸਾਂ ਪ੍ਰਦੇਸਾਂ ਦੀਆਂ ਸੰਗਤਾਂ ਕੋਲੋ ਉਗਰਾਹੀ ਲਈ ਨਿਕਲੇ ਹੀ ਰਹਿੰਦੇ ਹਨ।

ਸੋ ਇਹ ਕੁਝ ਪੰਜਾਬ ਵਿਚ ਤਾਂ ਪਹਿਲਾਂ ਚਲ ਹੀ ਰਿਹਾ ਸੀ, ਹੁਣ ਕਾਰਸੇਵਾ ਦੇ ਸੌਦਾਗਰ ਪਾਕਿਸਤਾਨ ਵੀ ਪਹੁੰਚ ਗਏ ਨੇ। ਪਾਕਿਸਤਾਨ ਵਿਚ ਅੱਜ ਸੈਕੜੇ ਗੁਰਦੁਆਰੇ ਢੱਠੇ ਪਏ ਨੇ ਜਿੰਨਾਂ ਦੀ ਕਾਰ ਸੇਵਾ ਦੀ ਜਰੂਰਤ ਹੈ। ਪਰ ਪਾਕਿਸਤਾਨ ਵਿਚ ਵੀ ਜੋ ਸੇਵਾ ਚਲ ਰਹੀ ਹੈ ਉਹ ਢੱਠੇ ਹੋਏ ਗੁਰਦੁਆਰਿਆਂ ਲਈ ਘੱਟ ਤੇ ਚੰਗੇ ਭਲੇ ਗੁਰਦੁਆਰਿਆਂ ਲਈ ਜਿਆਦਾ। ਮਿਸਾਲ ਦੇ ਤੌਰ ਤੇ ਲਹੌਰ ਦਾ ਪ੍ਰਸਿੱਧ ਗੁਰਦੁਆਰਾ ਡੇਰਾ ਸਾਹਿਬ ਢਾਹ ਦਿਤਾ ਗਇਆ ਹੈ। ਇਨਾਂ ਕਾਰਸੇਵਾ ਵਾਲਿਆਂ ਦਾ ਧਿਆਨ ਅੱਜ ਕਲ੍ਹ ਨਨਕਾਣਾ ਸਾਹਿਬ ਦੇ ਗੁਰਦੁਆਰਿਆਂ ਵਲ ਹੋ ਗਿਆ ਹੈ। 100 ਸਾਲ ਪੁਰਾਣੇ ਖੂਬਸੂਰਤ ਗੁਰਦੁਆਰੇ ਬਾਲ ਲੀਲਾ ਅਤੇ ਤੰਬੂ ਸਾਹਿਬ ਢਾਹ ਦਿੱਤੇ ਗਏ ਹਨ।

ਵਾਹਿਗੁਰੂ ਖਾਲਸਾ ਪੰਥ ਨੂੰ ਸੁਮੱਤ ਬਖਸ਼ੇ ਕਿ ਕਾਰਸੇਵਾ ਦੇ ਸਿਧਾਂਤ ਦਾ ਸਦਉਪਯੋਗ ਹੋਵੇ ਨਹੀ ਤਾਂ ਛੇਤੀ ਹੀ ਲੋਕ ਇਸ ਕਾਰਸੇਵਾ ਦੇ ਸਿਧਾਂਤ ਤੋਂ ਬਗਾਵਤ ਕਰ ਦੇਣਗੇ ਜਿਸ ਨਾਲ ਪੰਥ ਦਾ ਨੁਕਸਾਨ ਹੋਵੇਗਾ। ਇਸ ਮਸਲੇ ਤੇ ਜਿਆਦਾ ਜਿੰਮੇਵਾਰੀ ਖੁੱਦ ਪੁਰਾਣੇ ਕਾਰਸੇਵਾ ਵਾਲੇ ਬਾਬਿਆਂ, ਸਰਕਾਰਾਂ ਅਤੇ ਸ਼੍ਰੋਮਣੀ ਕਮੇਟੀ ਅਤੇ ਪਾਕਿਸਤਾਨ ਕਮੇਟੀ ਦੀ ਬਣਦੀ ਹੈ।

ਅੱਗੇ ਤੋਂ ਆਪਾਂ ਅਸੂਲ ਬਣਾਈਏ ਕਿ ਕੋਈ ਗੁਰਦੁਆਰਾ ਢਾਹੁੰਣਾ ਨਹੀ ਬਸ ਮੁਰੰਮਤ ਕਰਨੀ ਅਤੇ ਨਵੀਆਂ ਇਮਾਰਤਾਂ ਸਰਾਵਾਂ ਆਦਿ ਸਾਜਣੀਆਂ ਹਨ। ਜਰੂਰਤ ਹੈ ਕਾਰਸੇਵਾ ਪ੍ਰਣਾਲੀ ਨੂੰ ਵੀ ਬਚਾਉਣ ਦੀ। ਧਿਆਨ ਰਹੇ ਸਾਡੇ ਵਿਰੋਧੀ ਨੂੰ ਇਹ ਲੰਗਰ ਦੇ ਨਾਲ ਨਾਲ ਕਾਰਸੇਵਾ ਸਿਧਾਂਤ ਵੀ ਚੁੱਭਦਾ ਹੈ।

ਦਰਦ ਹੋਵੇ ਤਾਂ ਇਲਾਜ ਨਾਲ ਫਾਇਦਾ ਮਿਲਦਾ ਹੈ। ਗੁਰੂ ਸਾਹਿਬ ਨੇ ਕਿਹਾ ਨਾਮ ਹੀ ਵੱਡੀਆਂ ਤੋਂ ਵੱਡੀਆਂ ਬੀਮਾਰੀਆਂ ਦਾ ਇਲਾਜ ਹੈ। ਜਿਵੇ ਕਿ ਪੰਚਮ ਨਾਨਕ ਨੇ ਫਰਮਾਇਆ ਹੈ "ਅਨਿਕ ਉਪਾਵੀ ਰੋਗੁ ਨ ਜਾਇ॥ ਰੋਗੁ ਮਿਟੈ ਹਰਿ ਅਵਖਧੁ ਲਾਇ॥ " ਜਾਂ ਫਿਰ, " ਸਰਬ ਰੋਗ ਕਾ ਅਉਖਦੁ ਨਾਮੁ ॥ " ਪਰ ਵੈਦ ਇਸ ਗੱਲ ਨੂੰ ਮੰਨਣ ਨੂੰ ਤਿਆਰ ਨਹੀ ਸੀ।

ਫਿਰ ਸਾਹਿਬ ਨੇ ਵੈਦ ਨੂੰ ਸਮਝਾਇਆ ਕਿ ਵੇਖੋ ਸਾਰੇ ਰੋਗਾਂ ਦਾ ਮੂਲ ਕਾਰਨ ਰੱਬ ਦੀ ਰਜ਼ਾ ਦਾ ਭੰਨਣਾ ਹੈ। ਜਦੋਂ ਅਸੀ 'ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ' ਕਰਕੇ ਰਸਾਂ ਵਿੱਚ ਪੈ ਜਾਂਦੇ ਤਾਂ ਸਾਨੂੰ ਰੋਗ ਆ ਘੇਰਦੇ ਹਨ।

ਮਲਾਰ ਮਹਲਾ ੧ ॥ ਦੁਖੁ ਵੇਛੋੜਾ ਇਕੁ ਦੁਖੁ ਭੂਖ ॥ ਇਕੁ ਦੁਖੁ ਸਕਤਵਾਰ ਜਮਦੂਤ ॥ ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥ ਵੈਦ ਨ ਭੋਲੇ ਦਾਰੂ ਲਾਇ ॥੧॥ ਵੈਦ ਨ ਭੋਲੇ ਦਾਰੂ ਲਾਇ ॥ ਦਰਦੁ ਹੋਵੈ ਦੁਖੁ ਰਹੈ ਸਰੀਰ ॥ ਐਸਾ ਦਾਰੂ ਲਗੈ ਨ ਬੀਰ ॥੧॥ ਰਹਾਉ ॥ ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾਂ ਤਨਿ ਉਠਿ ਖਲੋਏ ਰੋਗ ॥ ਮਨ ਅੰਧੇ ਕਉ ਮਿਲੈ ਸਜਾਇ ॥ ਵੈਦ ਨ ਭੋਲੇ ਦਾਰੂ ਲਾਇ ॥੨॥ ਚੰਦਨ ਕਾ ਫਲੁ ਚੰਦਨ ਵਾਸੁ ॥ ਮਾਣਸ ਕਾ ਫਲੁ ਘਟ ਮਹਿ ਸਾਸੁ ॥ ਸਾਸਿ ਗਇਐ ਕਾਇਆ ਢਲਿ ਪਾਇ ॥ ਤਾ ਕੈ ਪਾਛੈ ਕੋਇ ਨ ਖਾਇ ॥੩॥ ਕੰਚਨ ਕਾਇਆ ਨਿਰਮਲ ਹੰਸੁ ॥ ਜਿਸੁ ਮਹਿ ਨਾਮੁ ਨਿਰੰਜਨ ਅੰਸੁ ॥ ਦੂਖ ਰੋਗ ਸਭਿ ਗਇਆ ਗਵਾਇ ॥ ਨਾਨਕ ਛੂਟਸਿ ਸਾਚੈ ਨਾਇ ॥੪॥੨॥

ਵੈਦ ਦੀਆਂ ਇਕ ਦਮ ਅੱਖਾਂ ਖੁੱਲ ਗਈਆਂ। "ਹਾਂ, ਹਾਂ। ਸਾਡੀਆਂ ਗਲਤੀਆ ਨਾਲ ਹੀ ਰੋਗ ਆ ਸਾਨੂੰ ਘੇਰਦੇ ਨੇ। ਜਿਆਦਾ ਖਾਣਾ, ਜਿਆਦਾ ਕਾਮ, ਜਿਆਦਾ ਗੁੱਸਾ, ਜਿਆਦਾ ਮੋਹ ਚਿੰਤਾਂ ਰੋਗਾਂ ਦੇ ਕਾਰਨ ਬਣਦੇ ਹਨ। ਨਾਨਕ ਤੁਸੀ ਠੀਕ ਹੋ। ਤੁਸਾਂ ਮੇਰੀਆਂ ਅੱਖਾਂ ਖੋਲ ਦਿੱਤੀਆਂ। "

ਵੇਦ ਨੇ ਕਿਹਾ "ਪਰ ਪਿਆਰੇ ਨਾਨਕ ਜੀ ਮੈਂ ਵੈਦ ਹਾਂ ਲੋਕਾਂ ਦੇ ਰੋਗ ਦੂਰ ਕਰਨ ਦੀ ਕੋਸ਼ਿਸ਼ ਵਿੱਚ ਰਹਿੰਦਾ ਹਾਂ। ਮੈਨੂੰ ਵੀ ਦੱਸੋ ਅੱਗੇ ਤੋਂ ਕਿਵੇ ਕਰਾਂ?"

ਮਲਾਰ ਮਹਲਾ ੧ ॥ ਦੁਖੁ ਵੇਛੋੜਾ ਇਕੁ ਦੁਖੁ ਭੂਖ ॥ ਇਕੁ ਦੁਖੁ ਸਕਤਵਾਰ ਜਮਦੂਤ ॥ ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥ ਵੈਦ ਨ ਭੋਲੇ ਦਾਰੂ ਲਾਇ ॥੧॥ ਵੈਦ ਨ ਭੋਲੇ ਦਾਰੂ ਲਾਇ ॥ ਦਰਦੁ ਹੋਵੈ ਦੁਖੁ ਰਹੈ ਸਰੀਰ ॥ ਐਸਾ ਦਾਰੂ ਲਗੈ ਨ ਬੀਰ ॥੧॥ ਰਹਾਉ ॥ ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾਂ ਤਨਿ ਉਠਿ ਖਲੋਏ ਰੋਗ ॥ ਮਨ ਅੰਧੇ ਕਉ ਮਿਲੈ ਸਜਾਇ ॥ ਵੈਦ ਨ ਭੋਲੇ ਦਾਰੂ ਲਾਇ ॥੨॥ ਚੰਦਨ ਕਾ ਫਲੁ ਚੰਦਨ ਵਾਸੁ ॥ ਮਾਣਸ ਕਾ ਫਲੁ ਘਟ ਮਹਿ ਸਾਸੁ ॥ ਸਾਸਿ ਗਇਐ ਕਾਇਆ ਢਲਿ ਪਾਇ ॥ ਤਾ ਕੈ ਪਾਛੈ ਕੋਇ ਨ ਖਾਇ ॥੩॥ ਕੰਚਨ ਕਾਇਆ ਨਿਰਮਲ ਹੰਸੁ ॥ ਜਿਸੁ ਮਹਿ ਨਾਮੁ ਨਿਰੰਜਨ ਅੰਸੁ ॥ ਦੂਖ ਰੋਗ ਸਭਿ ਗਇਆ ਗਵਾਇ ॥ ਨਾਨਕ ਛੂਟਸਿ ਸਾਚੈ ਨਾਇ ॥੪॥੨॥

ਭਾਵ ਰੋਗ ਰੂਪੀ ਦੁੱਖ ਤੋਂ ਨਿਜਾਤ ਲਈ ਨਿਰੰਕਾਰ ਦਾ ਨਾਮ ਹੀ ਸਭ ਤੋਂ ਵੱਡੀ ਦਵਾਈ ਹੈ ਨਾਲੇ ਮੰਨ 'ਚ ਸੰਤੋਖ ਰੱਖਣਾ, ਜੀਆਂ ਤੇ ਦਿਆ ਕਰਨਾਂ। ਫਿਰ ਇਸ ਤਰਾਂ ਦੇ ਜੀਵਨ 'ਚ ਸਾਡੇ ਸਰੀਰ 'ਚ ਗਿਰਾਵਟ ਨਹੀ ਆਉਦੀ।

ਵੈਦ ਨੇ ਦੁਹਾਈ ਦੇ ਦਿੱਤੀ,"ਮਹਿਤਾ ਕਾਲੂ ਤੁਸੀ ਨਾਨਕ ਨੂੰ ਰੋਗੀ ਦਸ ਰਹੇ ਹੋ ਓਹ ਤਾਂ ਲੋਕਾਈ ਦੇ ਰੋਗ ਕੱਟਣ ਆਇਆ ਹੈ। ਮੈਂ ਤਾਂ ਜਦੋ ਨਾਨਕ ਦੀ ਬਾਹ ਆਪਣੇ ਹੱਥ ਲਈ ਸੀ ਮੈਨੂੰ ਤਾਂ ਓਦੋਂ ਹੀ ਅਲੌਕਿਕ ਅਹਿਸਾਸ ਜਿਹਾ ਹੋਇਆ ਸੀ। ਝਰਨਾਹਟ ਜਿਹੀ ਮਹਿਸੂਸ ਹੋਈ ਸੀ। ਮੰਨ ਨੂੰ ਠੰਡ ਜਿਹੀ ਪੈ ਗਈ ਸੀ। ਮਹਿਤਾ ਜੀ ਤੁਸੀ ਭਾਗਾਂ ਵਾਲੇ ਹੋ। "

----◈----

## ਤੇ ਲਓ ਜੀ ਹੁਣ ਬ੍ਰਾਹਮਣ ਆਇਆ ਉਦਾਸੀ ਦਾ ਉਪਾਅ ਕਰਨ

ਕਿਉਕਿ ਗੁਰੂ ਸਾਹਿਬ ਅਨੰਦ ਚਿੱਤ ਨਿਰੰਕਾਰ ਨਾਲ ਇੱਕ ਮਿੱਕ ਹੋਏ, ਇਕੱਲੇ ਹੀ, ਬੈਠੇ ਜਾਂ ਲੰਮੇ ਪਏ ਰਹਿੰਦੇ ਸਨ। ਮਾਤਾ ਤ੍ਰਿਪਤਾ ਨੂੰ ਆਂਢਣਾਂ ਗਵਾਂਢਣਾਂ ਅਕਸਰ ਸਲਾਹ ਦੇਣੀ, "ਭੈਣ ਤੂੰ ਨਾਨਕ ਦੀ ਉਦਾਸੀ ਦਾ ਕੋਈ ਇਲਾਜ ਕਰਵਾ। ਹੋਰ ਨਹੀ ਤਾਂ ਪਿੰਡ ਦਾ ਪੰਡਤ ਬੜਾ ਸਿਆਣਾ ਹੈ ਉਹਦੇ ਕੋਲੋਂ ਹੀ ਕੋਈ ਉਪਾਅ ਕਰਵਾ ਲੈ। ਕੋਈ ਬਾਹਰ ਦੀ ਈ ਸ਼ੈਅ ਨਾਂ ਹੋਵੇ?" ਮਤਲਬ ਟੂਣਾ ਟਪਾਣਾ ਜੋ ਉਹਨੀ ਦਿਨੀਂ ਆਮ ਪ੍ਰਚਲਤ ਸਨ। ਇਕ ਵੇਰਾਂ ਫਿਰ ਮਾਂ ਤ੍ਰਿਪਤਾ ਨੇ ਮਨ ਬਣਾ ਹੀ ਲਿਆ ਕਿ ਨਾਨਕ ਵਾਸਤੇ ਕੋਈ ਉਪਾਅ ਹੀ ਕਰਵਾ ਲੈਨੇ ਆ ਪੰਡਤ ਨੂੰ ਸੱਦ ਕੇ। ਪੰਡਤ ਵੇਦਾਂ ਪੁਰਾਣਾਂ ਦਾ ਵੱਡਾ ਵਿਦਵਾਨ ਸੀ ਤੇ ਮੰਦਰ ਵਿੱਚ ਪੁਰਾਣਾਂ ਤੇ ਕਥਾ ਵੀ ਕਰਦਾ ਹੁੰਦਾ ਸੀ।

ਬਾਬੇ ਕੋਲ ਬਹਾਨਾ ਬਣਾਇਆ ਕਿ "ਨਾਨਕ ਤੈਨੂੰ ਰੱਬ ਬਾਬਤ ਗੱਲਾਂ ਕਰਨੀਆਂ ਹੀ ਚੰਗੀਆ ਲਗਦੀਆਂ ਹਨ। ਹੋਰ ਕਿਸੇ ਗੱਲ ਵਿੱਚ ਤੂੰ ਦਿਲਚਸਪੀ ਨਹੀ ਲੈਂਦਾ ਇਸ ਕਰਕੇ ਪੰਡਤ ਨੂੰ ਸੱਦਿਆ ਹੈ ਜੋ ਮੰਦਰ ਵਿੱਚ ਪੁਰਾਣਾਂ ਤੇ ਕਥਾ ਕਰਦਾ ਹੈ। "

ਸੋ ਮਾਤਾ ਤ੍ਰਿਪਤਾ ਨੇ ਪੰਡਤ ਜੀ ਨੂੰ ਆਖਿਰ ਨਾਨਕ ਦੀ ਉਦਾਸੀ ਦਾ ਉਪਾਅ ਕਰਨ ਲਈ ਸੱਦ ਭੇਜਿਆ। ਬ੍ਰਾਹਮਣ ਇਲਾਜ ਵਜੋਂ ਕਦੀ ਮੰਤਰਾਂ ਦਾ ਉਚਾਰਨ ਕਰਦੇ ਹਨ ਜਾਂ ਕੁਝ ਕਰਮ ਕਾਂਡ ਜਾਂ ਫਿਰ ਕੁਝ ਖਾਸ ਚੀਜਾਂ ਦਾਨ ਕਰਨ ਵਾਸਤੇ ਹਦਾਇਤ ਕਰਦੇ ਹਨ। ਜਿਵੇ ਘਰ ਦੇ ਦਰਵਾਜੇ ਤੇ ਨਰਿਆਲ ਜਾਂ ਨਿੰਬੂ ਤੇ ਹਰੀ ਮਿਰਚ ਲਮਕਾਉਣੇ, ਮਿਰਚਾ ਵਾਰਨੀਆਂ, ਸਰਹਾਣਾ ਚੜ੍ਹਦੇ ਪਾਸੇ ਕਰਾਉਣਾ, ਸਰ੍ਹੋ ਦੇ ਤੇਲ ਨਾਲ ਚੋਪੜ ਕੇ ਰੋਟੀ ਕਾਲੇ ਕੁੱਤੇ ਨੂੰ ਖਵਾਉਣੀ, ਛਨਿਛਰਵਾਰ ਰੋਟੀ ਕਾਲੇ ਛੋਲਿਆਂ ਦੀ ਸਬਜੀ ਨਾਲ ਖਾਣੀ, ਲਾਲ ਕਪੜੇ ਵਿੱਚ ਪਾ ਕੇ ਕੁਝ ਪੈਸੇ ਰਖਣਾ, ਪਿੱਪਲ ਦੇ ਰੁੱਖ ਨੂੰ ਰੋਜ ਪਾਣੀ ਦੇਣਾ, ਕੀੜੀਆਂ ਨੂੰ ਚਾਉਲ ਪਾਉਣੇ, ਪੰਡਤ ਨੂੰ ਦਾਨ ਦੇਣਾ, ਝਾੜੂ ਨੂੰ ਪੈਰ ਨਹੀ ਲਾਉਣਾ ਆਦਿ ਆਦਿ ਅਨੇਕਾਂ ਉਪਾਅ ਪੰਡਤ ਲੋਕ ਕਰਦੇ ਹਨ।

ਕਿਉਕਿ ਪੰਡਤ ਨਾਨਕ ਦੀ ਸਿਫਤ ਸੁਣ ਚੁੱਕਾ ਸੀ ਉਸ ਨੇ ਫੂਕ ਫੂਕ ਕੇ ਕਦਮ ਰੱਖੇ। ਮਾਤਾ ਜੀ ਨੇ ਪੰਡਤ ਦੀ ਉਸਤਤ ਕਰਨੀ ਸ਼ੁਰੂ ਕਰ ਦਿੱਤੀ ਕਿ ਇਹ ਮੰਨੇ ਹੋਏ ਵੇਦਾਂ ਪੁਰਾਣਾਂ ਦੇ ਗਿਆਤਾ ਨੇ ਤੇ ਮੰਦਰ ਵਿੱਚ ਕਥਾ ਕਰਦੇ ਨੇ। ਗੁਰੂ ਸਾਹਿਬ ਨੇ ਪੰਡਤ ਨੂੰ ਜੀ ਆਇਆ ਕਿਹਾ। ਗਾਲਾਂ ਬਾਤਾਂ ਹੋਈਆਂ। ਹੌਲੀ ਹੌਲੀ ਗੱਲ ਜੀਅ ਦੀ ਉਤਪਤੀ ਤੇ ਜਾ ਪਹੁੰਚੀ।:-

ਮਲਾਰ ਮਹਲਾ ੧ ਘਰੁ ੨ ੴ ਸਤਿਗੁਰ ਪ੍ਰਸਾਦਿ ॥

ਪਵਣੈ ਪਾਣੀ ਜਾਣੈ ਜਾਤਿ ॥ ਕਾਇਆਂ ਅਗਨਿ ਕਰੇ ਨਿਭਰਾਂਤਿ ॥ ਜੰਮਹਿ ਜੀਅ ਜਾਣੈ ਜੇ ਥਾਉ ॥ ਸੁਰਤਾ ਪੰਡਿਤੁ ਤਾ ਕਾ ਨਾਉ ॥੧॥ ਗੁਣ ਗੋਬਿੰਦ ਨ ਜਾਣੀਅਹਿ ਮਾਇ ॥ ਅਣਡੀਠਾ ਕਿਛੁ ਕਹਣੁ ਨ ਜਾਇ ॥ ਕਿਆ ਕਰਿ ਆਖਿ ਵਖਾਣੀਐ ਮਾਇ ॥੧॥ ਰਹਾਉ ॥ ਊਪਰਿ ਦਰਿ ਅਸਮਾਨਿ ਪਇਆਲਿ ॥ ਕਿਉ ਕਰਿ ਕਹੀਐ ਦੇਹੁ ਵੀਚਾਰਿ ॥ ਬਿਨੁ ਜਿਹਵਾ ਜੋ ਜਪੈ ਹਿਆਇ ॥ ਕੋਈ ਜਾਣੈ ਕੈਸਾ ਨਾਉ ॥੨॥ ਕਥਨੀ ਬਦਨੀ ਰਹੈ ਨਿਭਰਾਂਤਿ ॥ ਸੋ ਬੂਝੈ ਹੋਵੈ ਜਿਸੁ ਦਾਤਿ ॥ ਅਹਿਨਿਸਿ ਅੰਤਰਿ ਰਹੈ ਲਿਵ ਲਾਇ ॥ ਸੋਈ ਪੁਰਖੁ ਜਿ ਸਚਿ ਸਮਾਇ ॥੩॥

ਪੰਡਤ ਜੀ ਇਹ ਤਾਂ ਜਾਣਦੇ ਸਨ ਕਿ ਜੀ ਦੀ ਰਚਨਾ ਪੰਜ ਤੱਤਾਂ ਦੇ

ਮੇਲ ਤੋਂ ਹੋਈ ਹੈ। ਪਰ ਜੀਅ ਵਿੱਚ ਜਿਹੜੀ ਚੇਤੰਨਤਾ ਹੈ ਤੇ ਜੋ ਨਿਰੰਕਾਰ ਦਾ ਵਾਸਾ ਹੈ ਉਸ ਬਾਰੇ ਪੰਡਤ ਜੀ ਅਗਿਆਨੀ ਸਨ। ਉਹ ਤਾਂ ਪੰਡਤ ਜੀ ਨੂੰ ਦਿਸਦਾ ਹੀ ਨਹੀ ਸੀ। ਉਹ ਮਾਲਕ ਦੀ ਸਿਫਤ ਸਲਾਹ ਤੋਂ ਅਨਜਾਣ ਸੀ। ਮਾਤਾ ਨੇ ਤਾਂ ਕਿਹਾ ਸੀ ਪੰਡਤ ਬੜਾ ਗਿਆਨਵਾਨ ਹੈ, ਸੁਰਤਾ ਹੈ, ਪਰ ਅਸਲੀ ਗਿਆਨ ਦੀ ਗੱਲ ਦੀ ਤਾਂ ਉਨੂੰ ਸਮਝ ਹੀ ਨਹੀ ਸੀ। ਗੁਰੂ ਸਾਹਿਬ ਨੇ ਆਤਮਾ ਪ੍ਰਮਾਤਮਾ ਦੀ ਜਦੋਂ ਗੱਲ ਦੱਸੀ ਤਾਂ ਪੰਡਤ ਪੈਰਾਂ ਤੇ ਆ ਪਿਆ। ਪੰਡਤ ਨੇ ਇਹ ਵੀ ਸੁਣਿਆ ਹੋਇਆ ਸੀ ਕਿ ਨਾਨਕ ਵਰਨ ਆਸ਼ਰਮ ਦੇ ਸਿਧਾਂਤ ਤੋਂ ਬਾਗੀ ਹੈ ਤੇ ਅਕਸਰ ਸ਼ੂਦਰਾਂ ਤੇ ਅਛੂਤਾਂ ਨਾਲ ਰਹਿੰਦਾ ਹੈ। ਇਹ ਗੱਲ ਪੰਡਤ ਨੂੰ ਜਚਦੀ ਨਹੀ ਸੀ।

**ਜਾਤਿ ਕੁਲੀਨੁ ਸੇਵਕੁ ਜੇ ਹੋਇ ॥ ਤਾ ਕਾ ਕਹਣਾ ਕਹਹੁ ਨ ਕੋਇ ॥ ਵਿਚਿ ਸਨਾਤੰੀ ਸੇਵਕੁ ਹੋਇ ॥ ਨਾਨਕ ਪਣ੍ਹੀਆ ਪਹਿਰੈ ਸੋਇ ॥੪॥੧॥੬**

ਗੁਰੂ ਸਾਹਿਬ ਨੇ ਇਸ ਤੇ ਪੰਡਤ ਨੂੰ ਮਨੁੱਖੀ ਬਰਾਬਰਤਾ ਬਾਰੇ ਸਮਝਾਇਆ। ਭਾਈ ਜਿਵੇ ਤੂੰ ਕਹਿਨਾ ਕਿ ਜੀਅ ਪੰਜ ਤੱਤਾਂ ਦਾ ਪੁਤਲਾ ਹੈ ਤੇ ਅਛੂਤ ਕਿਹੜਾ ਵਖਰੇ ਤੱਤਾਂ ਤੋਂ ਬਣਿਆ ਹੈ ਉਹ ਵੀ ਤਾਂ ਓਨਾਂ ਪੰਜਾਂ ਤੱਤਾਂ ਤੇ ਰੱਬ ਦੀ ਹੀ ਓਲਾਦ ਹੈ ਤੇ ਫਿਰ ਅਛੂਤ ਨੀਵਾਂ ਕਿਵੇ ਹੋ ਗਿਆ। ਤੇ ਕਿਹਾ ਕਿ ਜੇ ਕੋਈ ਅਛੂਤ ਹੈ ਤੇ ਨਿਰੰਕਾਰ ਦਾ ਭਗਤ ਹੈ ਤਾਂ ਮੇਰੇ ਵਾਸਤੇ ਉਹ ਸਭ ਤੋਂ ਸ੍ਰੇਸ਼ਠ ਹੈ।

ਲੰਮੀਆਂ ਚੌੜੀਆਂ ਵਿੱਚਾਰਾਂ ਤੋਂ ਬਾਦ ਪੰਡਤ ਜੀ ਗੁਰੂ ਸਾਹਿਬ ਦੇ ਚਰਨੀ ਲਗੇ ਤੇ ਵੱਡੇ ਪ੍ਰਚਾਰਕ ਹੋ ਨਿਬੜੇ।

----◈----

## ਸੱਚਾ ਸੌਦਾ

ਸੰ.1543 ਬਿ.(1486 ਈ)

ਜਨਮ ਸਾਖੀਆਂ ਤੋਂ ਇਹੋ ਅੰਦਾਜ਼ਾ ਲਗਦਾ ਹੈ ਕਿ ਸਕੂਲੀ ਪੜ੍ਹਾਈ ਮੁੱਕਣ ਉਪਰੰਤ ਬਾਬਾ ਜੀ ਨੂੰ ਜਾਂ ਤਾਂ ਹੱਟੀ ਤੇ ਬਹਿਣਾ ਪੈਦਾ ਜਾਂ ਫਿਰ ਖੇਤੀ ਬਾੜੀ ਦਾ ਧਿਆਨ ਰਖਣਾ ਪੈਂਦਾ। ਕਦੀ ਬਾਬਾ ਹਲ ਵਹਾਉਂਦਾ। ਕਦੀ ਗੋਡੀ ਕਰਾਉਦਾ। ਕਦੀ ਡੰਗਰ ਚਾਰਨ ਦੀ ਜ਼ਿੰਮੇਵਾਰੀ ਦੇ ਦਿੱਤੀ ਜਾਂਦੀ। ਉਂਜ ਬਾਬਾ ਜੀ ਨੂੰ ਖੇਤੀ ਵਾਹੀ ਕਰਨੀ ਜਿਆਦਾ ਪਸੰਦ ਸੀ। ਗੁਰੂ ਸਾਹਿਬ ਕਾਰ ਵਿਹਾਰ ਨੂੰ ਬਹੁਤ ਗੰਭੀਰਤਾ ਨਾਲ ਨਹੀ ਸਨ ਲੈਂਦੇ। ਉਨਾਂ ਦਾ ਮੰਨ ਨਿਰੰਕਾਰ ਨਾਲ ਜੁੜਿਆ ਰਹਿੰਦਾ ਸੀ।

ਉਨਾਂ ਦੀ ਬਾਣੀ ਤੋਂ ਸਾਫ ਅੰਦਾਜ਼ਾ ਲਗਦਾ ਹੈ ਕਿ ਸਾਹਿਬ ਨੇ ਦੋਵੇ ਕੰਮ ਕੀਤੇ। ਉਹ ਦੋਵਾਂ ਕੰਮਾਂ ਦੀ ਸ਼ਬਦਾਵਲੀ ਅਕਸਰ ਬਾਣੀ ਵਿੱਚ ਵਰਤਦੇ ਹਨ। ਉਹ ਵਪਾਰ ਦੀ 'ਰਾਸ' ਆਦਿ ਦੀ ਗੱਲ ਕਰਦੇ ਹਨ ਖੇਤੀ ਦੇ 'ਵੱਤਰ' ਦੀ ਗੱਲ ਕਰਦੇ ਹਨ। ਅੰਦਾਜ਼ਾ ਹੈ ਕਿ ਮਹਿਤਾ ਕਾਲੂ ਦੇ ਭਰਾ ਲਾਲੂ ਦੀ ਹੱਟੀ ਹੋਵੇ। ਉਂਜ ਇਤਹਾਸ ਤੋਂ ਸਬੂਤ ਮਿਲਦੇ ਹਨ ਕਿ ਮਹਿਤਾ ਕਾਲੂ ਦੇ ਪਿਤਾ ਮਹਿਤਾ ਸ਼ਿਓ ਨਰਾਇਣ ਵੀ ਪੜ੍ਹੇ ਲਿਖੇ ਸਨ ਤੇ ਕਾਰਦਾਰ ਦੇ ਕੰਮ ਦੀ ਮੁਹਾਰਤ ਰਖਦੇ ਹਨ ਤਾਂ ਹੀ ਤਾਂ ਉਨਾਂ ਨੂੰ ਰਾਇ ਭੋਇ ਜਦੋ ਜਾਮਾਰਾਇ ਤੋਂ ਉਠਿਆ ਸੀ ਤਾਂ ਨਾਲ ਹੀ ਲੈ ਗਇਆ ਸੀ ਜਦੋਂ ਰਾਇ ਭੋਇ ਨੂੰ ਜਗੀਰ ਮਿਲੀ ਸੀ।

ਸੋ ਹੱਟੀ ਤੇ ਬਹਿਣ ਕਾਰਨ ਇਕ ਵੇਰਾਂ (ਜਦੋਂ ਬਾਬਾ ਨਾਨਕ 17 ਸਾਲਾਂ ਦੇ ਹੋਏ ) ਤਾਂ ਮਹਿਤਾ ਕਾਲੂ ਨੇ ਨਾਨਕ ਨੂੰ ਹੋਰ ਵੱਡੀ ਜ਼ਿੰਮੇਵਾਰੀ ਦੇਣੀ ਚਾਹੀ। ਗੁਰੂ ਸਾਹਿਬ ਨੂੰ 20 ਰੁਪਏ ਦੇ ਕੇ ਕਿਹਾ ਗਇਆ ਕਿ ਨੇੜੇ ਦੀ ਮੰਡੀ ਜੋ ਤਲਵੰਡੀ ਤੋਂ ਕੋਈ 12 ਮੀਲ ਦੂਰ, ਕਸਬਾ ਚੂਹੜਕਾਣੇ ਵਿੱਚ ਸੀ ਭੇਜਿਆ ਗਇਆ ਕਿ ਵਧੀਆ ਸੌਦਾ ਪੂਰੀ ਪੁੱਛ ਪਰਤੀਤ ਕਰਕੇ ਖਰੀਦ ਕੇ ਲਿਆਵੇ। ਪਿਤਾ ਨੇ ਕਿਹਾ ਕਿ "ਪੁੱਤਰਾ ਕੋਈ ਖਰਾ ਸੌਦਾ ਕਰੀ। ਐਵੇ ਮਿੱਟੀ ਘੱਟਾ ਹੀ ਨਾਂ ਚੁੱਕ ਲਿਆਵੀ। "

ਇਤਹਾਸ ਵਿੱਚ ਆਉਦਾ ਹੈ ਕਿ ਨਾਲ ਕੋਈ ਨਫਰ (ਨੌਕਰ) ਭੇਜਿਆ ਗਿਆ। ਸਾਫ ਅੰਦਾਜ਼ਾ ਹੈ ਕਿ ਭਾਈ ਮਰਦਾਨਾ ਗੁਰੂ ਸਾਹਿਬ ਦੇ ਨਾਲ ਗਇਆ। ਚੂਹੜਕਾਣੇ ਜਦੋਂ ਦੋਵੇ ਪਹੁੰਚੇ ਤਾਂ ਓਰੇ ਬਾਗ ਵਿੱਚ ਸਾਧੂਆਂ ਦਾ ਟੋਲਾ ਨਜ਼ਰ ਆਇਆ। ਰੱਬ ਦੀ




ਗੁਰਦੁਆਰਾ ਸੱਚਾ ਸੌਦਾ, ਚੂਹੜਕਾਣਾ

ਗੱਲ ਕਰਨ ਵਾਲੇ ਨਜ਼ਰ ਆ ਜਾਣ ਤਾਂ ਭਲਾ ਬਾਬਾ ਨਾਨਕ ਕਿਵੇ ਅੱਗੇ ਪੈਰ ਪੁੱਟੇ। ਦੋਵੇ ਬਾਗ ਵਿੱਚ ਚਲੇ ਗਏ।

ਅੱਗੇ ਨੰਗ ਧੜੰਗੇ ਸਾਧੂ ਧੂਣੀਆਂ ਲਾਈ ਬੈਠੇ ਸਨ। ਬਾਬੇ ਨੇ ਜਾ ਮੱਥਾ ਟੇਕਿਆ। ਸਾਧਾਂ ਨੇ ਅਸ਼ੀਰਵਾਦ ਦਿੱਤਾ। ਜਗਆਸੂ ਬਾਬੇ ਨੇ ਸਵਾਲਾਂ ਦੀ ਝੜੀ ਲਾ ਦਿੱਤੀ। "ਤੁਸੀ ਸਾਧ ਕਿਓ ਬਣ ਗਏ ਹੋ? ਤੁਸਾਂ ਘਰ ਬਾਰ ਕਿਓ ਤਿਆਗ ਦਿੱਤੇ? ਤੁਸੀ ਨੰਗੇ ਕਿਓ ਬੈਠੇ ਹੋ? ਤੁਸੀ ਖਾਂਦੇ ਕੀ ਹੋ? ਤੁਹਾਨੂੰ ਠੰਡ ਨਹੀ ਲਗਦੀ?" ਜਦੋਂ ਬਾਬੇ ਨੇ ਰੂਹਾਨੀਅਤ ਨਾਲ ਸਬੰਧ ਰਖਦੇ ਕੁਝ ਡੂੰਘੇ ਸਵਾਲ ਕਰ ਦਿੱਤੇ ਤਾਂ ਸਾਧ ਗੁਰੂ ਸਾਹਿਬ ਨੂੰ ਸਾਧਾਂ ਦੇ ਮੁੱਖੀ ਕੋਲ ਲੈ ਗਏ। ਉਸ ਨੇ ਆਪਣਾ ਨਾਂ ਸੰਤਰੇਣ ਦੱਸਿਆ ਭਾਵ ਸੰਤਾਂ ਦੇ ਚਰਨਾਂ ਦੀ ਧੂੜ। ਇਤਹਾਸ ਤੋਂ ਇਹੋ ਲਗਦਾ ਹੈ ਕਿ ਉਹ ਕੋਈ ਪਾਖੰਡੀ ਸਾਧੂ ਨਹੀ ਸੀ। ਉਹਨਾਂ ਦੇ ਹਾਲਾਤਾਂ ਬਾਰੇ ਸੁਣ ਕੇ ਗੁਰੂ ਸਾਹਿਬ ਨੂੰ ਉਨਾਂ ਤੇ ਤਰਸ ਆ ਗਿਆ, ਕਿਵੇ ਉਹ ਦੋ ਦਿਨ ਤੋਂ ਭੁੱਖੇ ਭਾਣੇ ਸਨ। ਸਾਹਿਬ ਨੂੰ ਪਤਾ ਸੀ ਕਿ ਉਹ ਗੱਲਤ ਰਸਤੇ ਤੇ ਸਨ ਕਿਉਕਿ ਉਹ ਸੰਨਿਆਸੀ ਸਨ ਤੇ ਸਮਾਜ ਤੇ ਬੋਝ ਸਨ ਪਰ ਇਹ ਉਨਾਂ ਦੇ ਵੱਸ ਵਿੱਚ ਹੀ ਨਹੀ ਸੀ। ਹਾਲਾਤਾਂ ਨੇ ਉਨਾਂ ਨੂੰ ਉਸ ਰਸਤੇ ਤੇ ਤੋਰ ਰਖਿਆ ਸੀ। ਗੁਰੂ ਸਾਹਿਬ ਦੀ ਸਿਖਿਆਂਵਾਂ ਵਿੱਚੋਂ ਮੁਢਲੀ ਸਿਖਿਆ ਹੈ 'ਦਿਆ ਕਰਨੀ'। ਉਹ ਮੰਗ ਪਿੰਨ ਕੇ ਖਾਣ ਦੇ ਖਿਲਾਫ ਸਨ। ਉਹਨਾਂ ਕਿਰਤ ਕਰਨ ਤੇ ਜੋਰ ਦਿੱਤਾ ਸੀ।

ਗੁਰੂ ਸਾਹਿਬ ਕੋਲ ਜਿਹੜੀ ਮਾਇਆ 20 ਰੁਪਏ ਸੀ, ਉਹ ਓਨਾਂ ਨੇ ਮਹੰਤ ਦੇ ਚਰਨਾਂ ਤੇ ਰੱਖ ਦਿੱਤੀ ਕਿ ਇਸ ਨਾਲ ਆਪਣੇ ਲਈ ਆਟਾ ਲੂਣ ਲੈ ਆਓ। ਮਹੰਤ ਨੇ ਕਿਹਾ ਕਿ ਅਸੀ ਮਾਇਆ ਨੂੰ ਹੱਥ ਨਹੀ ਲਾਉਂਦੇ ਜੇ ਤੁਹਾਡੇ 'ਚ ਸ਼ਰਧਾ ਹੈ ਤਾਂ ਸਾਨੂੰ ਰੋਟੀ ਖੁਆ ਦਿਓ।

ਗੁਰਦੁਆਰਾ ਤੰਬੂ ਸਾਹਿਬ ਲਾਗੇ ਅੱਜ ਤਕ ਮੌਜੂਦ ਵਣਾਂ (ਪੀਲੂ) ਦੇ ਉਹ ਵਿਸ਼ਾਲ ਰੁੱਖ ਜਿੰਨਾਂ ਵਿਚ ਬਾਬਾ ਨਾਨਕ ਪਿਤਾ ਤੋਂ ਡਰਦਾ ਲੁੱਕਿਆ ਸੀ, ਸੱਚਾ ਸੌਦਾ ਕਰਨ ਉਪਰੰਤ।(ਖੱਬ) ਬਾਹਰੀ ਫੋਟੋ ਅਤੇ (ਸੱਜੇ) ਰੁੱਖਾਂ ਅੰਦਰ ਵੜ੍ਹ ਕੇ ਲਈ ਫੋਟੋ। ਰੁੱਖਾਂ ਥੱਲੇ ਜਾ ਕੇ ਪਤਾ ਲਗਦਾ ਹੈ ਕਿ ਕਿਵੇ ਰੁੱਖਾਂ ਨੇ ਤੰਬੂ ਤਾਣਿਆ ਹੋਇਆ ਹੈ।(ਵਾਹਿਗੁਰੂ ਰੁੱਖਾਂ ਨੂੰ ਕਾਰ ਸੇਵਾ ਵਾਲਿਆਂ ਤੋਂ ਬਚਾ ਕੇ ਰੱਖੇ)

ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਚਲੋਂ ਆਪਾਂ ਮੰਡੀ ਚਲਦੇ ਹਾਂ। ਮਰਦਾਨੇ ਨੇ ਗੁਰੂ ਸਾਹਿਬ ਨੂੰ ਸੁਚੇਤ ਕੀਤਾ ਕਿ ਤੁਹਾਡੇ ਪਿਤਾ ਜੀ ਇਸ ਗੱਲ ਤੇ ਨਰਾਜ ਹੋਣਗੇ, ਜੋ 20 ਰੁਪਏ ਤੁਸੀ ਦਾਨ ਕਰਨ ਜਾ ਰਹੇ ਹੋ। ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਮਰਦਾਨਿਆ ਭਾਈਏ ਨੇ ਕਿਹਾ ਸੀ ਕਿ ਵਧੀਆ ਸੌਦਾ ਕਰੀ ਜਿਹੜਾ ਲਾਹੇਵੰਦ ਹੋਵੇ ਤੇ ਭਾਈ ਇਸ ਤੋਂ ਵਧੀਆਂ ਸੌਦਾ ਕੀ ਹੋ ਸਕਦਾ ਹੈ? ਮਰਦਾਨੇ ਕਿਹਾ ਜੀ ਜਿਵੇ ਤੁਹਾਡੀ ਮਰਜੀ ਕਰੋ ਜੀ।

ਗੁਰੂ ਸਾਹਿਬ ਨੇ ਖਾਣ ਦੀ ਰਸਦ ਤੋਂ ਇਲਾਵਾ ਕੁਝ ਖੱਦਰ ਦੇ ਥਾਨ ਲਿਆ ਸਾਧਾਂ ਦੇ ਹਵਾਲੇ ਕੀਤੇ ਤੇ ਓਥੋਂ ਹੀ ਤਲਵੰਡੀ ਨੂੰ ਵਾਪਸ ਰਵਾਨਾ ਹੋ ਗਏ।

ਜਦੋਂ ਪਿੰਡ ਲਾਗੇ ਗਏ ਤਾਂ ਅਹਿਸਾਸ ਹੋਇਆ ਕਿ ਹੁਣ ਭਾਈਏ ਨੇ ਕੁਟਾਪਾ ਚਾੜ੍ਹਨਾ ਵਾ। ਬਾਬਾ ਕਦੀ ਪੈਰ ਘਰ ਵਲ ਪੁੱਟੇ ਤੇ ਕਦੀ ਬਾਹਰ ਵਲ। ਆਖਿਰ ਪੀਲੂ (ਵਣਾਂ) ਦੇ ਇਕ ਝੁੰਡ ਵਿੱਚ ਜਾ ਬੈਠਾ। ਜਿੱਥੇ ਬਾਬੇ ਦੀ ਫਿਰ ਨਿਰੰਕਾਰ ਨਾਲ ਲਿਵ ਲਗ ਗਈ। ਮਰਦਾਨਾਂ ਰਵਾਂ ਰਵੀ ਘਰ ਪਹੁੰਚ ਗਇਆ ਤੇ ਬਾਦ ਵਿੱਚ ਬਾਬੇ ਦੇ ਘਰ ਜਾ ਕੇ ਸਾਰੀ ਵਿਥਿਆ ਕਹਿ ਸੁਣਾਈ।

ਜਦੋਂ ਮਹਿਤਾ ਕਾਲੂ ਨੇ ਇਹ ਸੁਣਿਆ ਤਾਂ ਉਹ ਅੱਗ ਬਬੂਲਾ ਹੋ ਉਠਿਆ। ਉਨੂੰ ਪਤਾ ਸੀ ਨਾਨਕ ਦੇ ਟਿਕਾਣਿਆ ਦਾ। ਵਣਾਂ ਦੇ ਝੁੰਡ ਵਿੱਚੋ ਆ ਫੜਿਆ। ਮਗਰ ਮਗਰ ਹੀ ਬੇਬੇ ਨਾਨਕੀ ਆ ਗਈ। ਇਸ ਤੋਂ ਪਹਿਲਾਂ ਕਿ ਬੇਬੇ ਨਾਨਕੀ ਛੁਡਾ ਪਾਉਂਦੀ ਬਾਪੂ ਨੇ ਦੋ ਤਿੰਨ ਚਪੇੜਾਂ ਨਿਰੰਕਾਰ ਰੂਪ ਗੁਰੂ ਨਾਨਕ ਦੇ ਜੜ੍ਹ ਦਿੱਤੀਆਂ। ਧੂਹ ਕੇ ਘਰ ਲੈ ਆਂਦਾ। ਗੁਰੂ ਸਾਹਿਬ ਦੇ ਮੰਨ ਵਿੱਚ ਫਿਰ ਆਪਣੇ ਸੱਚੇ ਪਿਤਾ ਲਈ ਪ੍ਰੇਮ ਜਾਗਿਆ ਤੇ ਫਰਮਾਇਆ:-

**ਆਸਾ ਮਹਲਾ ੧ ॥ ਨ ਕਿਸ ਕਾ ਪੂਤੁ ਨ ਕਿਸ ਕੀ ਮਾਈ ॥ ਝੂਠੈ ਮੋਹਿ ਭਰਮਿ ਭੁਲਾਈ ॥੧॥ ਮੇਰੇ ਸਾਹਿਬ ਹਉ ਕੀਤਾ ਤੇਰਾ ॥ ਜਾਂ ਤੂੰ ਦੇਹਿ ਜਪੀ ਨਾਉ ਤੇਰਾ ॥੧॥ ਰਹਾਉ ॥ ਬਹੁਤੇ ਅਉਗਣ ਕੂਕੈ ਕੋਈ ॥ ਜਾ ਤਿਸੁ ਭਾਵੈ ਬਖਸੇ ਸੋਈ ॥੨॥ ਗੁਰ ਪਰਸਾਦੀ ਦੁਰਮਤਿ ਖੋਈ ॥ ਜਹ ਦੇਖਾ ਤਹ ਏਕੋ ਸੋਈ ॥੩॥ ਕਹਤ ਨਾਨਕ ਐਸੀ ਮਤਿ ਆਵੈ ॥ ਤਾਂ ਕੋ ਸਚੇ ਸਚਿ ਸਮਾਵੈ ॥੪॥੨੯**

ਨਾਨਕ ਨੂੰ ਪਈ ਕੁੱਟ ਦੀ ਗੱਲ ਰਾਇ ਬੁਲਾਰ ਤੱਕ ਵੀ ਜਾ ਪਾਹੁੰਚੀ। ਰਾਇ ਨੇ ਝੱਟ ਬੰਦਾ ਭੇਜ ਕੇ ਮਹਿਤਾ ਜੀ ਨੂੰ ਸੱਦ ਲਿਆ। ਸਾਰੀ ਗੱਲ ਸੁਣੀ ਤਾਂ ਰਾਇ ਨੇ ਆਪਣੇ ਕੋਲੋਂ 20 ਰੁਪਏ ਮਹਿਤਾ ਜੀ ਨੂੰ ਦੇ ਦਿੱਤੇ ਤੇ ਅੱਗੇ ਤੋਂ ਹੁਕਮ ਕੀਤਾ ਕਿ ਬਾਬੇ ਨਾਨਕ ਨੂੰ ਹੱਥ ਨਹੀ ਲਾਉਣਾ। ਜੋ ਨੁਕਸਾਨ ਬਾਬਾ ਕਰੇ ਉਹ ਮੇਰੇ ਕੋਲ ਆ ਕੇ ਲੈ ਜਾਇਆ ਕਰੀ। "ਭੋਲਿਆ ਜਿੰਨੀ ਇਸ ਪ੍ਰਿਥਵੀ ਤੇ ਮਾਇਆ ਹੈ ਸਭ ਖ਼ੁਦਾ ਤੇ ਖੁਦਾ ਦੇ ਇਸ ਬੰਦੇ ਦੀ ਹੈ। ਤੈਨੂੰ ਇਸ ਗੱਲ ਦੀ ਸਾਰ ਨਹੀ। "

ਜਦੋਂ ਇਹ ਗੱਲ ਪਿੰਡ ਵਿੱਚ ਫੈਲ ਗਈ ਕਿ ਮਹਿਤੇ ਨੇ ਰਾਜੇ ਕੋਲੋ 20 ਰੁਪਏ ਲੈ ਲਏ ਨੇ ਤਾਂ ਲੋਕਾਂ ਮਹਿਤਾ ਜੀ ਨੂੰ ਹੋਇ ਹੋਇ ਕਰ ਦਿੱਤੀ। ਮਹਿਤਾ ਜੀ ਨੇ ਸ਼ਰਮ ਦੇ ਮਾਰੇ ਉਹ 20 ਰੁਪਏ ਜਾ ਰਾਜਾ ਨੂੰ ਵਾਪਸ ਕਰ ਦਿੱਤੇ। ਰਾਜਾ ਵਾਪਸ ਲਏ ਨਾਂ। ਆਖੀਰ ਮਿਨਤਾਂ ਤਰਲੇ ਕਰਕੇ ਪੈਸੇ ਵਾਪਸ ਹੋ ਗਏ।

—▲—

ਪੈੜ ਸਫਾ

## ਸੱਚਾ ਸੌਦਾ : ਓਦੋ ਦੇ 20 ਰੁਪੱਏ ਮਤਲਬ ਅੱਜ ਦੇ 7600 ਰੁਪਏ।

ਵੱਖ ਵੱਖ ਕਿਸਮ ਦੇ ਸਿੱਕੇ ਚਲਦੇ ਸਨ। ਸੋਨੇ ਦਾ, ਚਾਂਦੀ ਦਾ, ਤਾਂਬੇ ਦਾ। ਜਿਹੜਾ ਚਾਂਦੀ ਦਾ ਹੁੰਦਾ ਸੀ ਉਨੂੰ ਰੁਪਿਆ ਕਿਹਾ ਜਾਂਦਾ ਸੀ। ਰੁਪਿਆ ਮਾਇਨੇ ਚਾਂਦੀ।

ਇਹ ਗੱਲ 1486 ਈ ਦੀ ਹੈ। ਉਨੀ ਦਿਨੀ ਸਭ ਤੋਂ ਸਸਤੀ ਕੌਡੀ ਹੁੰਦੀ ਸੀ ਤੇ ਮੁਢਲਾ ਸਿੱਕਾ 'ਦਾਮ' ਸੀ ਜੋ ਕਿ ਤਾਂਬੇ ਦਾ ਹੁੰਦਾ ਸੀ। ਚਾਂਦੀ ਦਾ ਸਿੱਕਾ 'ਰੁਪਿਆ' ਕਹਾਉਂਦਾ ਸੀ। ਪ੍ਰਸਿਧ ਪੁਸਤਕ ਆਇਨ ਏ ਅਕਬਰੀ ਮੁਤਾਬਿਕ 40 ਦਾਮ ਦਾ ਇਕ ਰੁਪਿਆ ਹੁੰਦਾ ਸੀ। (ਰੁਪਿਆ ਮਾਇਨੇ ਚਾਂਦੀ) ਸੋਨੇ ਦੇ ਸਿੱਕੇ ਨੂੰ 'ਮੋਹਰ' ਆਖਿਆ ਜਾਂਦਾ ਸੀ।

ਸਿਕੰਦਰ ਲੋਧੀ ਦਾ ਚਾਂਦੀ ਦਾ ਸਿੱਕਾ 9.5 ਗ੍ਰਾਮ (ਸਾਢੇ ਨੌਂ) ਦਾ ਹੁੰਦਾ ਸੀ। ਇਸ ਪ੍ਰਕਾਰ ਗੁਰੂ ਸਾਹਿਬ ਦੇ 20 ਸਿਕਿਆਂ ਦਾ ਵਜਨ ਹੋ ਗਇਆ ਕੋਈ 190 ਗ੍ਰਾਮ। ਅੱਜ ਚਾਂਦੀ ਦਾ ਭਾਅ ਕੋਈ 40000 ਰੁਪਏ ਕਿਲੋ ਹੈ। ਸੋ ਅੱਜ ਦੇ ਹਿਸਾਬ ਬਣ ਗਏ 7600 ਰੁਪਏ।



**ਸਿਕੰਦਰ ਲੋਧੀ ਦਾ ਚਾਂਦੀ ਦਾ ਰੁਪਿਆ।ਇਹ 20 ਰੁਪਏ ਗੁਰੂ ਸਾਹਿਬ ਨੇ, ਖਰਚੇ ਸਨ, ਸੱਚਾ ਸੌਦਾ ਵੇਲੇ।**

**ਆਇਨ ਏ ਅਕਬਰੀ ਮੁਤਾਬਿਕ ਇਕਾਈਆਂ ਇਸ ਪ੍ਰਕਾਰ ਹਨ:-**

8 ਰੱਤੀ=ਇਕ ਮਾਸਾ। 12 ਮਾਸੇ= ਇਕ ਤੋਲਾ। 80 ਤੋਲੇ= ਇਕ ਸੇਰ ਤੇ

ਇਕ ਟੰਕ= 4 ਮਾਸੇ ( ਪਰ ਅਕਬਰ ਨੇ ਟੰਕ 5 ਮਾਸੇ ਦਾ ਕਰ ਦਿੱਤਾ)

ਇਕ ਦਾਮ ਦਾ ਭਾਰ= 5 ਟੰਕ। ਰੁਪਈਆ (ਚਾਂਦੀ ਦਾ)- 11 ਮਾਸੇ

ਦਾਮ ਦਾ ਵਜਨ 5 ਟੰਕ ਭਾਵ ਇਕ ਤੋਲਾ ਤੇ 8 ਮਾਸੇ ਹੁੰਦਾ ਸੀ। (ਆਇਨ ਵਿੱਚ ਲਿਖਿਆ ਹੈ ਕਿ ਦਾਮ ਨੂੰ ਪਹਿਲਾਂ ਪੈਸਾ ਕਿਹਾ ਜਾਂਦਾ ਸੀ। ਰੁਪਿਆ ਚਾਂਦੀ ਦਾ ਤੇ ਗੋਲ ਸ਼ਕਲ ਵਿੱਚ ਹੁੰਦਾ ਹੈ। ਸ਼ੇਰ ਸ਼ਾਹ ਸੂਰੀ ਨੇ ਇਹਦਾ ਵਜਨ 11 ਮਾਸੇ ਦਾ ਕਰ ਦਿੱਤਾ ਹੈ।

40 ਦਾਮ = ਇਕ ਰੁਪਿਆ, ਇਕ ਦਾਮ = 2 ਧੈਲੇ

ਇਕ ਦਾਮ = 4 ਪੌਲੀਆ, ਇਕ ਦਾਮ = 8 ਦਮੜੀਆ

**ਵਜਨ ਦੀਆਂ ਇਕਾਈਆਂ** ਇਸ ਤਰਾਂ ਸਨ:- 8 ਰੱਤੀ (ਜੰਗਲੀ ਬੂਟੇ ਦਾ ਬੀ ਜੋ ਕੁੱਕੜ ਦੀ ਅੱਖ ਜਿੱਡਾ ਹੁੰਦਾ)= 1 ਮਾਸਾ 12 ਮਾਸੇ = ਇਕ ਤੋਲਾ 80 ਤੋਲੇ = ਇਕ ਸੇਰ (871 ਗ੍ਰਾਮ) 40 ਸੇਰ = ਇਕ ਮਣ (34.8 ਕਿਲੋ)

ਆਇਨੇ ਅਕਬਰੀ 'ਚ ਲਿਖਿਆ ਹੈ ਕਿ ਚਾਂਦੀ ਦੇ ਰੁਪਏ ਨਾਲ ਤੁਸੀ ਇਕ ਤੋਲਾ ਚਾਂਦੀ ਖਰੀਦ ਸਕਦੇ ਹੋ। ਕਿਤਾਬ ਵਿੱਚ ਬਾਕੀ ਜਿਣਸਾਂ ਦੇ ਰੇਟ ਵੀ ਦਿੱਤੇ ਨੇ। ਦੇਸੀ ਘਿਓ (ਓਦੋਂ ਵਨਾਸਪਤੀ ਘਿਓ ਹੁੰਦਾ ਹੀ ਨਹੀ ਸੀ) = ਢਾਈ ਰੁਪਏ ਮਣ, ਕਣਕ (ਮਣ)= 12 ਦਾਮ, ਛੋਲੇ (ਮਣ)=8 ਦਾਮ, ਬੱਕਰੀ= ਇਕ ਰੁੱਪਿਆ, ਭੇਡ=1.5 ਰੁੱਪਿਆ। ਲੂਣ (ਮਣ) = 6 ਦਾਮ, ਹਲਦੀ (ਸੇਰ) =10 ਦਾਮ।


# 16– ਵਿਆਹ ਅਤੇ ਮਗਰੋ

1485- 1493 ਈ.

ਸਕੂਲੀ ਪੜ੍ਹਾਈ ਪੂਰੀ ਕਰਨ ਉਪਰੰਤ ਗੁਰੂ ਸਾਹਿਬ ਸ਼ੁਰੂ ਵਿਚ ਹੱਟੀ ਤੇ ਬੈਠਦੇ ਸਨ। ਪਰ ਸੱਚਾ ਸੌਦਾ ਵਾਲੀ ਘਟਨਾ ਤੋਂ ਬਾਦ ਪਿਤਾ ਜੀ ਸਮਝਣ ਲੱਗ ਪਏ ਸਨ ਕਿ ਨਾਨਕ ਵਪਾਰ ਦੇ ਕੰਮਾਂ ਦੇ ਬਹੁਤਾ ਯੋਗ ਨਹੀ ਹੈ ਕਿਉਕਿ ਨਾਨਕ ਨੂੰ ਖੱਟੀ ਦਾ ਲਾਲਚ ਹੁੰਦਾ ਹੀ ਨਹੀ ਸੀ। ਗੁਰੂ ਸਾਹਿਬ ਹੱਟੀ ਤੇ ਹਰ ਲੋੜਵੰਦ ਦੀ ਗਰਜ ਪੂਰੀ ਕਰ ਦਿਆ ਕਰਦੇ ਸਨ। ਪਿਤਾ ਨੇ ਫਿਰ ਗੁਰੂ ਸਾਹਿਬ ਦੀ ਜਿੰਮੇਵਾਰੀ ਕਿਸਾਨੀ ਤੇ ਪਸ਼ੂ ਪਾਲਣ ਵਲ ਲਾ ਰੱਖੀ ਸੀ। ਗੁਰੂ ਸਾਹਿਬ ਨੂੰ ਵੀ ਖੇਤੀ ਬਾੜੀ ਵਾਲਾ ਕੰਮ ਜਿਆਦਾ ਪਸੰਦ ਸੀ। ਹਾਲਾਂ ਹੱਟੀ ਤੇ ਵੀ ਉਨਾਂ ਨੂੰ ਅਕਸਰ ਬੈਠਣਾ ਪੈਂਦਾ ਸੀ। ਮਨੁੱਖਤਾਵਾਦੀ ਨਜਰੀਏ ਨਾਲ ਚਾਹੇ ਉਨਾਂ ਖੇਤੀ ਕੀਤੀ ਜਾਂ ਹੱਟੀ ਅੰਤ 'ਚ ਹਰ ਕੰਮ ਵਿਚ ਬਰਕਤ ਵੇਖੀ ਜਾਂਦੀ ਸੀ। ਪਿਤਾ ਕਾਲੂ ਨੂੰ ਕਦੀ ਨੁਕਸਾਨ ਨਹੀ ਸੀ ਝੱਲਣਾ ਪਿਆ। ਰੱਬ ਦੇ ਪਿਆਰ ਵਿਚ ਸ਼ਾਇਰੀ ਤਾਂ ਉਨਾਂ ਪਹਿਲਾਂ ਹੀ ਕਹਿਣੀ ਸ਼ੁਰੂ ਕਰ ਦਿੱਤੀ ਸੀ। ਇਹਦੇ ਨਾਲ ਹੀ ਗੁਰੂ ਸਾਹਿਬ ਇਲਾਕੇ ਦੇ ਹਰ ਧਾਰਮਿਕ ਮੇਲੇ ਜਾਂ ਇਕੱਠ ਤੇ ਪਹੁੰਚਦੇ। ਇਥੋਂ ਤੱਕ ਕਿ ਇਸ ਦੌਰ ਵਿਚ ਮਰਦਾਨਾ ਤੇ ਉਹ ਇਕ ਵੇਰਾਂ ਹਾਜੀਆਂ ਦੇ ਨਾਲ ਮੁਲਤਾਨ ਤੱਕ ਵੀ ਗਏ ਸਨ। 23-24 ਸਾਲ ਦੀ ਉਮਰ ਤਕ ਮਤਲਬ ਵਿਆਹ ਹੋਣ ਤੋਂ ਬਾਦ ਵੀ ਕੁਝ ਸਾਲ ਉਹ ਤਲਵੰਡੀ ਹੀ ਰਹੇ ਸਨ।

## ਬਾਬੇ ਦੀ ਮੰਗਣੀ

ਗੁਰੂ ਨਾਨਕ ਪਾਤਸ਼ਾਹ ਦੀ ਕੁੜਮਾਈ (ਮੰਗਣੀ) 16 ਸਾਲ ਦੀ ਉਮਰ ਵਿੱਚ 5 ਵੈਸਾਖ ਸੰਮਤ 1542 (1485 ਈ.) ਨੂੰ ਹੋਈ ਸੀ। ਗੁਰੂ ਸਾਹਿਬ ਦੇ ਵਿੱਚੋਲੇ ਓਨਾਂ ਦੇ ਭਣਵੱਈਆ ਜੈ ਰਾਮ ਹੀ ਬਣੇ ਸਨ। ਗੁਰੂ ਸਾਹਿਬ ਦੇ ਸਹੁਰਾ ਮੂਲ ਚੰਦ, ਗੋਤ ਚੋਣਾ, ਜਾਤ ਖੱਤਰੀ, ਬਟਾਲਾ ਦੇ ਰਹਿਣ ਵਾਲੇ ਸਨ ਤੇ ਉਹ ਪਿੰਡ ਪੱਖੋਕੇ, ਨੇੜੇ ਕਰਤਾਰਪੁਰ ਸਾਹਿਬ ਵਿੱਚ ਪਟਵਾਰੀ ਸਨ। (ਯਾਦ ਰਹੇ ਇਹ ਪੱਖੋਕੇ ਕਰਤਾਰਪੁਰ ਸਾਹਿਬ ਤੋਂ ਕਿਲੋ ਮੀਟਰ ਹਟਵਾਂ ਹੁੰਦਾ ਸੀ। ਇਨੂੰ ਪੱਖੋਕੇ ਰੰਧਾਵਾ ਵੀ ਕਿਹਾ ਜਾਂਦਾ ਸੀ। ਰਾਵੀ ਦਾ ਵਹਿਣ ਬਦਲਨ ਕਰਕੇ ਪਿੰਡ ਗਰਕ ਗਇਆ ਸੀ। ਇਥੋਂ ਦੇ ਵਸਨੀਕਾਂ ਉਠ ਕੇ ਫਿਰ ਚਾਰ ਪਿੰਡ ਵਸਾਏ ਸਨ ਜੋ ਅੱਜ ਕਲ੍ਹ ਭਾਰਤ ਦੀ ਸਰਹੱਦ ਅੰਦਰ ਹਨ। 1. ਡੇਰਾ ਬਾਬਾ ਨਾਨਕ (ਡ.ਬ.ਨ), 2. ਡ.ਬ.ਨ ਦੇ ਨਾਲ ਹੀ ਚੜ੍ਹਦੇ ਪਾਸੇ ਪਿੰਡ ਪੱਖੋਕੇ ਟਾਹਲੀ ਸਾਹਿਬ, 3. ਡ.ਬ.ਨ ਦੇ ਲਹਿੰਦੇ ਦੱਖਣ ਵਿੱਚ ਪੱਖੋਕੇ ਮੈਂਹਮਾਰਾਂ, 4. ਇਕ ਪੱਖੋਕੇ ਰੰਧਾਵਾ, ਡ.ਬ.ਨ ਦੇ ਪਹਾੜ ਪਾਸੇ ਹੁੰਦਾ ਸੀ ਜੋ ਧੁੱਸੀਓ ਪਾਰ ਹੋਣ ਕਰਕੇ ਲੋਕ ਛੱਡ ਆਏ ਸਨ। ਦਿਲਚਸਪ ਗੱਲ ਇਹ ਹੈ ਕਿ ਗੁਰੂ ਸਾਹਿਬ ਦੇ ਪਿਤਾ, ਭਣਵੱਈਆ ਤੇ ਸਹੁਰਾ ਇਕ ਹੀ ਕਿੱਤੇ, ਭਾਵ ਮਾਲ ਮਹਿਕਮੇ ਦੇ




ਜਿੰਦਗੀਨਾਮਾ ਪੜ੍ਹਦੇ ਸਮੇਂ ਇਹ ਨਕਸ਼ਾ ਭਾਵ ਇਹ ਦੂਰੀਆਂ ਤੁਹਾਡੇ ਧਿਆਨ ਵਿਚ ਰਹਿਣੀਆਂ ਚਾਹੀਦੀਆਂ ਨੇ

ਸਨ। ਇਸ ਰਿਸ਼ਤੇ ਦੀ ਕੜੀ, ਭਾਈਆ ਜੈ ਰਾਮ ਹੀ ਸਨ ਕਿਉਕਿ ਓਨਾਂ ਨੂੰ ਮਹਿਕਮੇ ਦੇ ਕੰਮ ਕਰਕੇ ਸਭ ਪਾਸੇ ਜਾਣਾ ਪੈਂਦਾ ਸੀ। ਉਹ ਸੁਲਤਾਨਪੁਰ ਲੋਧੀ ਦੇ ਕਾਰਦਾਰ ਸਨ ਤੇ ਦੌਲਤ ਖਾਂ ਲੋਧੀ ਅਧੀਨ ਹੀ ਸਾਰਾ ਪੰਜਾਬ ਸੀ। ਕੁਦਰਤੀ ਹੈ ਤਲਵੰਡੀ, ਬਟਾਲਾ ਅਤੇ ਪੱਖੋਕੇ (ਕਲਾਨੌਰ) ਵੀ ਉਸ ਤਹਿਤ ਸਨ ਜਿੱਥੇ ਉਹ ਆਉਦੇ ਜਾਂਦੇ ਰਹਿੰਦੇ ਸਨ। ਵਕਤ ਪਾ ਕੇ ਜੈ ਰਾਮ ਸੁਲਤਾਨਪੁਰ ਦੇ ਦੀਵਨ ਬਣ ਗਏ ਸਨ।

ਸੋਢੀ ਮਿਹਰਬਾਨ ਨੇ ਕੁੜਮਾਈ ਅਤੇ ਵਿਆਹ ਦਾ ਵਰਨਣ ਬੜੇ ਵਿਸਥਾਰ ਨਾਲ ਦਿੱਤਾ ਹੈ। ਜਿਹਦੇ ਤੋਂ ਉਸ ਵੇਲੇ ਦੀਆਂ ਰਸਮਾਂ ਦਾ ਪਤਾ ਲਗਦਾ ਹੈ। ਇਸ ਲਿਖਾਰੀ ਦੇ ਬਚਪਨ ਵੇਲੇ ਤੱਕ ਮੰਗਣੀ ਦੀ ਰਸਮ ਕਾਫੀ ਅਹਿਮ ਗਿਣੀ ਜਾਂਦੀ ਸੀ ਜਿਸ ਨੂੰ ਛੁਹਾਰਾ ਪੈਣਾ ਕਿਹਾ ਜਾਂਦਾ ਸੀ।

ਬਾਬੇ ਦਾ ਵਿਆਹ

ਗੁਰੂ ਸਾਹਿਬ ਦਾ ਵਿਆਹ 18 ਸਾਲ 5 ਮਹੀਨੇ ਦੀ ਉਮਰ ਵਿੱਚ 24 ਜੇਠ ਸੰਮਤ 1544 (1487 ਈ) ਨੂੰ ਹੋਇਆ। ਜੰਞ ਤਲਵੰਡੀ ਤੋਂ ਬਟਾਲਾ ਆਈ ਸੀ ਬਰਾਸਤਾ ਸੁਲਤਾਨਪੁਰ ਲੋਧੀ।

ਕਈ ਲਿਖਾਰੀਆਂ ਸ਼ੱਕ ਜ਼ਾਹਿਰ ਕੀਤਾ ਹੈ ਕਿ ਖੱਤਰੀਆਂ ਵਿਚ ਧੀ-ਜਵਾਈ ਦੇ ਘਰ ਵਿਆਹ ਨਹੀ ਕੀਤਾ ਜਾ ਸਕਦਾ। ਪਰ ਇਹ ਸ਼ੱਕ ਗਲਤ ਹੈ ਕਿਉਕਿ ਪਹਿਲੀ ਗਲ ਤਾਂ ਪਰੰਪਰਾ ਵਿਚ ਇਹੋ ਹੈ ਕਿ ਜੰਞ ਸੁਲਤਾਨਪੁਰ ਤੋਂ ਆਈ ਸੀ। ਦੂਸਰਾ ਸਬੂਤ ਇਹ ਕਿ ਜੰਞ ਪਿੰਡ ਉਦੋਕੇ ਵਿਖੇ ਰੁਕੀ ਸੀ। ਨਨਕਾਣਾ ਸਾਹਿਬ ਵਲੋਂ ਸਿੱਧੇ ਆਉਦਿਆਂ ਉਦੋਕੇ ਰਸਤੇ ਵਿਚ ਨਹੀ ਪੈਂਦਾ ਜਦੋਂ ਕਿ ਸੁਲਤਾਨਪੁਰੋਂ ਆਉਦਿਆਂ ਐਨ ਰਾਹ ਵਿਚ ਪੈਂਦਾ ਸੀ। ਉਹਨੀ ਦਿਨੀ ਜਦੋਂ ਜੰਞਾਂ ਪੈਦਲ, ਘੋੜਿਆਂ ਅਤੇ ਗੱਡਿਆਂ ਤੇ ਜਾਇਆ ਕਰਦੀਆਂ ਸਨ ਤਾਂ ਰਸਤਾ ਹਮੇਸ਼ਾਂ ਸਿੱਧਾ (ਸ਼ਾਰਟ ਕਟ)

ਅਪਣਾਇਆ ਜਾਂਦਾ ਸੀ। ਤੀਸਰਾ ਸਬੂਤ ਹੈ ਭਾਈਆ ਜੈਰਾਮ ਜੀ ਦਾ ਵਿਚੋਲਾ ਹੋਣਾਂ।

ਹਾਲਾਂ ਗੁਰੂ ਸਾਹਿਬ ਦੀ ਜੰਞ ਬਰਾਸਤਾ ਸੁਲਤਾਨਪੁਰ ਲੋਧੀ ਤੋਂ ਬਟਾਲੇ ਆਈ ਸੀ ਪਰ ਸੋਢੀ ਮਿਹਰਬਾਨ ਵਾਲੀ ਜਨਮ ਸਾਖੀ ਤੋਂ ਇਹ ਪ੍ਰਭਾਵ ਮਿਲਦਾ ਹੈ ਕਿ ਮੁੱਢਲੀਆਂ ਰਸਮਾਂ ਤਲਵੰਡੀ ਵਿਖੇ ਹੋਈਆਂ ਸਨ। ਸੋ ਜੰਞ ਲਹੌਰ ਪਾਸਿਓ ਆਉਣ ਦੀ ਬਿਜਾਏ ਕਸੂਰ ਪਾਸਿਓ ਦੀ ਆਈ ਸੀ ਅਤੇ ਪੜਾਅ ਸੁਲਤਾਨਪੁਰ ਲੋਧੀ ਕੀਤਾ ਸੀ।

ਜਨਮ ਸਾਖੀ ਸੋਢੀ ਮਿਹਰਵਾਨ ਵਿੱਚ ਗੁਰੂ ਸਾਹਿਬ ਦੀ ਕੁੜਮਾਈ ਅਤੇ ਵਿਆਹ ਦੀਆਂ ਰਸਮਾਂ ਬੜੇ ਵਿਸਥਾਰ ਨਾਲ ਦਿੱਤੀਆਂ ਹਨ। ਪਰ ਇਹ ਗੱਲ ਯਾਦ ਰਹੇ ਇਹ ਜਨਮਸਾਖੀ ਗੁਰੂ ਸਾਹਿਬ ਦੇ ਚਲਾਣੇ ਤੋਂ ਕੋਈ ਸਦੀ ਮਗਰੋਂ ਲਿਖੀ ਗਈ ਸੀ। ਗੁਰੂ ਸਾਹਿਬ ਫੋਕੀਆਂ ਰਸਮਾਂ ਅਤੇ ਕਰਮ ਕਾਂਡ ਦੇ ਖਿਲਾਫ ਸਨ। ਓਨਾਂ ਦੀ ਬਾਣੀ ਵਿੱਚ ਥਾਂ ਥਾਂ ਕਰਮ ਕਾਂਡ ਦੀ ਨਿੰਦਾ ਹੈ।





ਅੰਦਰ ਸ਼ੀਸ਼ੇ ਵਿਚ ਮੜ੍ਹੀ ਪਵਿਤ੍ਰ ਕੰਧ ਅਤੇ ਗੁਰਦੁਆਰਾ ਕੰਧ ਸਾਹਿਬ

ਮਾਤ੍ਰ ਦਿਲਚਸਪੀ ਦੇ ਅਸੀ ਸਾਖੀ ਵਿੱਚ ਆਇਆ ਇਹ ਵਿਸਥਾਰ ਪੇਸ਼ ਕਰ ਰਹੇ ਹਾਂ ਤਾਂ ਕਿ ਪਾਠਕ ਨੂੰ ਪਤਾ ਲੱਗ ਸਕੇ ਕਿ 4-500 ਸਾਲ ਪਹਿਲਾਂ ਵਿਆਹ ਦੀਆਂ ਰਸਮਾਂ ਕੀ ਸਨ:-

"ਬਾਬੇ ਨਾਨਕ ਜੀ ਕੀ ਕੁੜਮਾਈ ਆਈ ਵਟਾਲੇ ਤੇ, ਮੂਲੇ ਚੋਣੈ ਭੇਜੀ ਕੁੜਮਾਈ ਬੇਟੀ ਦੀ, ਕਾਲੂ ਵੇਦੀ ਦੇ ਪੁੱਤ੍ਰ ਨੋ ਨਾਨਕ ਕਉ ਕੁੜਮਾਈ ਵੈਸਾਖੀ ਦੈ ਦਿਨਿ ਕੁੜਮਾਈ ਆਈ, ਸੰਮਤ 1542 ਵਰਖੇ, ਮਾਹ ਵੈਸਾਖ ਵਦੀ 1 ਏਕਮ ਕੈ ਦਿਨਿ, ਨਲੀਏਰੁ, ਰੁਪਯਾ, ਕਟੋਰਾ ਮੂਲੋ ਚੋਣੇ ਭੇਜਿਆ। ਮੂਲੋ ਚੋਣੈ ਦੇ ਪੁਰੋਹਤਿ ਗੁਰੂ ਬਾਬੇ ਨਾਨਕ ਜੀ ਦੀ ਝੋਲੀ ਪਾਇਆ ਨਲੇਰ। ਨਾਲੇ ਗੁਰੂ ਬਾਬੇ ਜੀ ਪਿਤੀਅਹੁਰਾ ਥਾ, ਨਾਲੇ ਸਾਹਾ ਗਣਾਇ ਕੈ ਵੀਵਾਹੁ ਦੇ ਗਇਆ, ਪਰੋਹਤ ਚੋਣਿਆ ਕਾ।

"ਵੇਦੀ ਜਨੇਤ ਦੈ ਆਹਰਿ ਪਏ, ਤਬ ਜਿਤਨਾ ਵੇਦੀਆਂ ਕਾ ਪਰਵਾਰ ਥਾ ਸਭੁ ਗੁਰੂ ਬਾਬੇ ਨਾਨਕ ਦੈ ਵਿਆਹ ਦੈ ਉਪਰਿ ਆਇਆ। ਜੇ ਕੋਈ ਭਲਾ ਕੁੜਮ ਥਾ ਸੁ ਸਭੁ ਸਦਾਇਆ, ਬਹੁਤ ਮੇਲੁ ਹੋਆ, ਗੁਰੂ ਬਾਬੇ ਨਾਨਕ ਦੀ ਜਨੇਤ (ਜੰਞ) ਉਪਰਿ।

ਪਹਿਲਾਂ ਲਗਣੁ ਆਇਆ, ਤੇਵਰ ਬੇਵਰ, ਸੁਇਨਾ ਰੁਪਾ, ਘੋੜਾ, ਸੁਇਨੇ ਕਾ ਜਨੇਊ ਲਗਣੁ ਆਇਆ। ਉਨਹੁ ਦਿਨੋ ਅਨਾਜੁ ਸਉ ਗੁਣਾ ਸੁਕਾਲੁ (ਸਸਤਾ) ਹੋਤਾ ਥਾ, ਅਰ ਹਾਲਾ (ਮਾਮਲਾ) ਥੋੜਾ ਲੀਚਤਾ। ਅਮਰ (ਰਾਜੇ) ਨਿਆਉ ਕਰਤੇ, ਰਯਤਿ (ਜਨਤਾ) ਮਹਿ ਧਰਮ ਥਾ, ਦਿਨ ਖਰੇ ਭਲੇ ਥੇ, ਸਭੁ ਕੋਈ ਸੁਖੀ ਰਹਿਤਾ। ਤਬ ਗੁਰੂ ਬਾਬੇ ਕੀ ਜੇਵਣਹਾਰ (ਵੱਡਾ ਭੋਜ ਖਾਣਾ) ਹੋਵਣੈ ਲਾਗੀ। ਪਹਿਲਾਂ ਗਿਰਦ ਨਿਵਾਹੀ (ਆਲੇ ਦੁਆਲੇ) ਕੇ ਗਿਰਾਵ ਜਿ ਮੇਲੀ ਥੇ ਸਿ ਜਿਮਾਏ (ਖਵਾਏ), ਫਿਰ ਤਲਵੰਡੀ ਕੇ ਲੋਕ ਸਭਿ, ਤਥਾ ਚਾਕਰ ਜਿਮਾਏ (ਖਵਾਏ)।

ਫਿਰ ਮਹਾਜਨੁ ਤਲਵੰਡੀ ਕਾ ਜਿਮਾਇਆ। ਖਤ੍ਰੀ ਬ੍ਰਹਮਣ ਸਭੁ ਜਿਮਾਏ। ਫੇਰਿ ਸਕੇ ਜਿਤਨੇ ਅੰਗ ਪਰਸੰਗ ਆਪਣਾ ਪ੍ਰਵਾਰ ਬੇਦੀਆ ਕਾ ਥਾ ਓਹੁ ਜਿਮਾਏ। ਜਿਮਾਏ ਕਰ ਸਭਿ ਲੋਕ ਖੁਸੀ ਕੀਏ। ਸਭਨਹੁ ਅਸੀਰਬਾਦੁ ਦੀਆ ਜਿ ਪਰਮੇਸਰੁ ਤੂੰ ਨਾਨਕ ਜੀ ਕਾ ਭਲਾ ਕਰਿ। ਜਿਸਦੇ ਪਰਸਾਦਿ ਏਤਨੇ ਲੋਕ ਇਕਠੇ ਹੋਇ ਹੈਨਿ। ਪ੍ਰਮੇਸਰੁ ਤੂੰ ਇਸ ਕਾ ਭਲਾ ਕਰਿ।

ਤਬ ਗੁਰੂ ਬਾਬੇ ਨਾਨਕ ਜੀ ਕਉ ਨਵਾਲਣੈ ਲਾਗੈ। ਚਉਕੁ ਪੂਰਾਇ ਕਰ ਗੁਰੂ ਬਾਬਾ ਨਾਨਕੁ ਖਾਰੇ ਉਪਰਿ ਬੈਠਾਇਆ, ਨਵਾਲਿਆ, ਊਪਰ ਲਾਲ ਪਛੇਵੜਾ (ਕਪੜਾ ਜਿਹੜਾ ਤਾਣਦੇ ਨੇ, ਚੰਦੋਆ) ਤਾਣਿਆ ਅਰ ਇਸਤ੍ਰੀਅਹੁ ਸੋਹਿਲੇ ਗਾਏ। ਚਿਕਿ ਮਲ ਕਰ ਪੁਰਖਹੁ ਨਵਾਲਿਆ। ਤੇਲੁ, ਫੁਲੇਲੁ ਲਗਾਇਆ। ਜਲਿ ਇਸਨਾਨ ਕੀਆ। ਤਬ ਗੁਰੂ ਬਾਬੇ ਜੀ ਕਉ ਨਵਾਲਿ ਕਰਿ ਜਨੇਊ ਧੋਤੀ ਬ੍ਰਹਮਣ ਪਹਰਾਏ। ਭੀਨੀ ਧੋਤੀ ਉਤਾਰ ਰਾਖੀ। ਖਾਰੀ ਤੇ ਉਠਿ ਕਰ ਜੁਤੀ ਪਹਿਰਿ ਕਰ ਚਪਣੀਆਂ ਫੋਰੀਆਂ। ਫੋੜਿ ਕਰ ਜਹਾਂ ਵਿਛਾਵਣੇ ਬਾਹੇ ਥੇ ਊਹਾ ਹੀ ਗੁਰੂ ਬਾਬਾ ਨਾਨਕੁ ਜੀ ਆਇ ਬੈਠਾ। ਜੋੜਾ ਪਹਿਰਾਇਆ। ਤਿਲਕੁ ਲਗਾਇਆ। ਮੁਕਟੁ ਸਿਰਿ ਬਾਂਧਿਆ। ਸੇਹਰੇ ਸਿਰਿ ਬ੍ਰਹਮਣ ਚਾੜ੍ਹੇ। ਗਣੇਸ ਪੂਜਾ ਕਰੀ। ਕੁਲ ਪ੍ਰਵਾਰ ਜਿਤਨਾ ਥਾ ਤਥਾ ਮਹਾਜਨੁ ਸਭਨਾਹੁ ਤੰਬੋਲੁ ਪਾਇਆ। ਤਬ ਗੁਰੂ ਬਾਬੇ ਨਾਨਕ ਜੀ ਕਪੜੇ ਪਹਿਰੇ।

ਕੁਲ ਜਨੇਤ ਜਿਤਨੇ ਚਲਾਏ ਥੇ ਓਤਨਿਆਂ ਕਉ ਹੁਕਮੁ ਹੋਆ ਜਿ ਸਭਿ ਪਹੁੰਚ ਆਵਹੁ। ਕਈਕ ਸਵਾਰ, ਕਈਕ ਪਿਆਦੇ, ਗੁਰੂ ਬਾਬੇ ਕੀ ਜਨੇਤ ਚੜੇ। ਤਬ ਚਲਤੇ ਚਲਤੇ ਮਜਲ ਦਰਿ ਆਏ। ਆਇ ਵਟਾਲੇ ਦੇ ਕੋਲ ਢੁਕੇ। ਬਾਗ ਜਾਇ ਉਤਰੇ। ਅਗੈ ਖਬਰਿ ਗਈ ਜਿ ਜਨੇਤ ਬਾਗ ਉਤਰੀ ਹੈ। ਤਬ ਚੋਣੇ ਅਗੇ ਤੇ ਧੂੜੇ (?) ਹਕ ਲੈ ਆਏ। ਮੇਵਾ ਪਕਵਾਨ, ਆਟਾ, ਚਾਵਲ, ਵੜੀਆਂ, ਪਾਪੜ, ਪਕਵਾਨ, ਬਕਰੇ, ਭੰਭਰੇ (ਭਾਂਡੇ-ਮਿਠਾਈਆਂ), ਘਿਉ, ਸਕਰ ਲੈ ਆਏ। ਅਗਰ, ਤੇਲ, ਫੁਲੇਲ, ਚੋਆ, ਚੰਦਨ, ਕੇਸਰੁ, ਘਸਿ ਕਰਿ ਲੈ ਆਏ। ਵਾਜਿਆਂ ਵਜਦਿਆਂ ਸਾਥਿ ਚੋਣੈ ਵੇਦੀਆ ਕਉ ਧੂੜੇ◉ ਹਕ ਲੈ ਆਏ । ਰਾਮ ਕਿਸਨ ਕਰਿ ਕਰਿ ਮਿਲੇ। ਬਜੰਤ੍ਰ ਲਾਗੇ ਬਾਜਣ, ਗਲਿ ਮਿਲਿ ਖੇਮ ਕੁਸਲ ਕਰਿ ਕਰਿ ਬੈਠੇ। ਲਾਗਾ ਚੋਆ ਚੰਦਨ, ਅਗਰ ਲਗਾ ਲਗਾਈਯਨੇ । ਲਾਗੇ ਮਾਈਆਂ

ਜਾਂਞੀਆ ਨੋ ਅਗਰੁ ਪਲਟਣੇ। ਕੇਸਰੁ ਅਲਤਾ (ਲਾਲ ਰੰਗ) ਲਾਗੇ ਪਲਟਣੇ। ਕਪੜੇ ਚੋਐ ਚੰਦਨੁ ਕੇਸਰਿ ਜਨੇਤ ਚਰਚਿ ਕਰਿ ਪਾਨਾ ਦੇ ਬੀੜੇ ਖਵਾਲਿ ਕਰਿ। ਧੂੜੇ ਹਕ⊙ ਜਾਂਞੀਆਂ ਦੈ ਹਵਾਲੇ ਕੀਤੀ। ਹਵਾਲੈ ਕਰਿ ਕਰਿ ਮਾਂਞੀ ਘਰੀ ਗਏ। ਰਸੋਈ ਬਾਹਰਿ ਹੋਈ। ਪਰਸਾਦਿ ਲੀਏ।

ਤਬ ਸੰਞੇ ਫੇਰ ਪੈਸਕਾਰਾ (ਪੇਸ਼ ਹੋਣਾ-ਮਿਲਣੀ) ਹੁਆ। ਜਨੇਤ ਬਾਲਕ ਸਦਾਈ। ਜੰਞ ਕਉ ਭਲੀ ਭਾਤਿ ਸਉ ਭਲੇ ਭਲੇ ਲੈਣੇ ਆਏ। ਜਬ ਨਜੀਕਿ ਨਗਰਿ ਕੈ ਗਏ ਤਬ ਜਾਂਞੀ ਮਾਂਞੀ ਆਪਹਿ ਮਿਲੇ। ਮਿਲ ਕਰ ਜਾਂਞੀ ਮਾਂਞੀ ਪਾਵ ਪਿਆਦੇ (ਪੈਦਲ) ਹੋਇ ਚਲੇ। ਗੁਰੂ ਬਾਬੇ ਨਾਨਕੁ ਜੀ ਅਸਵਾਰ ਹੀ ਹੋਇ ਚਲੇ। ਮੁਕਟੁ ਬਧੇ ਸਾਥਿ ਸਾਬਾਲੇ (ਸਰਬਾਲਾ) ਸਾਥਿ ਗੁਰੂ ਬਾਬਾ ਨਾਨਕੁ ਜੀ ਚੜਿਆ ਹੀ ਅੰਦਰਿ ਜਾਇ ਵੜਿਆ। ਜਨੇਤ ਡੇਰੇ ਜਾਇ ਉਤਰੀ।

ਤਬ ਗੁਰੂ ਬਾਬੇ ਨਾਨਕ ਜੀ ਕਉ ਘੋੜੀ ਤੇ ਉਤਾਰਿ ਕਰਿ ਕੁਛੜਿ ਉਠਾਇ ਕਰਿ ਲੈ ਗਏ। ਤਬ ਇਸਤਰੀਆਂ ਆਪਣਾ ਅਚਾਰ ਕੀਆ। ਤਬ ਤਣੀ ਛੁਹਾਈ। ਤਣੀ ਛੁਹਾਇ ਕਰ ਲਿਜਾਇ ਜਨੇਤ ਮਹਿ ਬੈਠਾਇਆ। ਤਬ ਇਸਤ੍ਰੀਆਂ ਮਿਲਿ ਕਰ ਘੋੜਾ ਬਹੇੜਾ ਲੇ ਕਰਿ ਆਈਆਂ। ਸੋਹਲੇ ਲਗੀਆਂ ਗਾਵਣੇ। ਤਬ ਉਨਹੁ ਇਸਤ੍ਰੀਅਹ ਜਿ ਭਲੇ ਘਰਿ ਮਹਿ ਮਿਲਿ ਕਰਿ ਸੋਹਿਲੇ ਗਾਏ। ਤਬ ਗੁਰੂ ਬਾਬਾ ਨਾਨਕੁ ਜੀ ਉਨ ਕਾ ਰਾਗੁ ਸਨਿ ਕਰਿ ਖੁਸੀ ਭੈਆ ਜਿ "ਭਾਈ! ਏ ਇਸਤ੍ਰੀਆਂ ਖੁਸੀ ਹੋਇ ਮਾਨੁਖ ਕੇ ਸੋਹਿਲੇ ਕਿਉ ਗਾਂਵਦੀਆਂ ਹੈਨਿ। ਮੈ ਆਪੁਨੇ ਲਾਲਨ ਕੇ ਸੋਹਿਲੇ ਕਿਉ ਨਾਹੀ ਗਾਵਤਾ, ਜਿਸ ਸਿਉ ਮੇਰੀ ਪ੍ਰੀਤ ਹੈ।"

ਪੰਜਾਬ ਦੇ ਸਭਿਆਚਾਰ ਵਿਚ ਇਹ ਤਾਂ ਹੁਣ ਤੱਕ ਚਲਦਾ ਆਇਆ ਹੈ ਕਿ ਵਿਆਹ ਦੀਆ ਬਹੁਤੀਆਂ ਰਸਮਾਂ ਵੇਲੇ ਛੰਦ ਸੁਣਾਏ ਜਾਂਦੇ ਸਨ। ਲਾੜੀ ਵਾਲੇ ਪਾਸਿਓ ਅਮੂਮਨ ਕੁੜੀਆਂ ਛੰਦ ਬੋਲਦੀਆਂ ਸਨ ਤੇ ਜਵਾਬ ਵਿਚ ਲਾੜੇ ਦੇ ਰਿਸਤੇਦਾਰ ਛੰਦ ਵਿਚ ਹੀ ਜਵਾਬ ਦਿਆ ਕਰਦੇ ਸਨ। ਤਲਵੰਡੀ ਵਿਖੇ ਗੁਰੂ ਸਾਹਿਬ ਨੇ ਜਦੋਂ ਜਨਾਨੀਆਂ ਦੀਆਂ ਘੋੜੀਆਂ ਆਦਿ ਸੁਣੀਆਂ ਤਾਂ ਉਹ ਵੀ ਵਿਸਮਾਦ ਵਿਚ ਆਏ ਤਾਂ ਉਥੇ ਸ਼ਰੀਕੇ ਦੀਆਂ ਭੈਣਾਂ ਚਾਚੀਆਂ ਤਾਈਆਂ ਸਾਹਮਣੇ ਗੁਰੂ ਸਾਹਿਬ ਨੇ ਵੀ ਘੋੜੀਆਂ ਗਾਈਆਂ।

ਪੈੜ ਸੂਹਾ

⊙ ਧੂੜੇ ਹੱਕ - ਇਹ ਕਿਸੇ ਪੁਰਾਣੀ ਰਸਮ ਦਾ ਨਾਂ ਹੈ। ਲਗਦੈ ਲਾੜੇ ਦੇ ਖਾਸ ਰਿਸ਼ਤੇਦਾਰਾਂ ਨੂੰ ਕੋਈ ਸ਼ੈਅ ਭੇਟ ਕੀਤੀ ਜਾਂਦੀ ਸੀ। ਜਿਵੇ ਅੱਜ ਕਲ ਵੀ ਛਾਪਾਂ ਮੁੰਦਰੀਆਂ ਕੜ੍ਹੇ ਪਾਏ ਜਾਂਦੇ ਹਨ।




ਗੁਰਦੁਆਰਾ ਡੇਹਰਾ ਸਾਹਿਬ ਖਜੂਰੀ ਦਰਵਾਜਾ ਬਟਾਲਾ, ਭੀੜੀ ਗਲੀ ਅੰਦਰ। ਇਥੇ ਗੁਰੂ ਸਾਹਿਬ ਦੀਆਂ ਲਾਵਾਂ ਹੋਈਆਂ ਸਨ। ਕਿਹਾ ਜਾਂਦਾ ਹੈ ਕਿ ਇਹ ਘਰ ਮੂਲ ਚੰਦ ਚੋਣੇ ਦਾ ਸੀ। ਇਥੇ ਉਹ ਮੰਜੀ ਸਾਹਿਬ ਭਾਵ ਥੜਾ ਵੀ ਮੌਜੂਦ ਹੈ ਭਾਂਵ ਐਨ ਉਹ ਥਾਂ ਜਿਥੇ ਗੁਰੂ ਸਾਹਿਬ ਬਿਰਾਜੇ ਸਨ। ਪਹਿਲਾਂ ਅਜਿਹੇ ਸਥਾਨ ਨੂੰ ਮੰਜੀ ਸਾਹਿਬ ਹੀ ਕਿਹਾ ਜਾਂਦਾ ਸੀ ਪਰ ਅੱਜ ਕਲ ਦੇ ਗ੍ਰੰਥੀ ਇਹਨੂੰ ਥੜਾ ਲਿਖੀ ਜਾ ਰਹੇ ਨੇ। ਮਹਾਰਾਜਾ ਸ਼ੇਰ ਸਿੰਘ ਨੇ ਇਹ ਯਾਦਗਾਰ ਬਣਵਾਈ ਸੀ।




ਜਨਮ ਸਾਖੀ ਵਿੱਚ ਆਉਂਦਾ ਹੈ ਕਿ ਜਨਾਨੀਆਂ ਨੇ ਜਦੋਂ ਸਿੱਠਣੀਆਂ ਦਿੱਤੀਆਂ, ਸੋਹਿਲੇ ਗਾਏ ਤਾਂ ਗੁਰੂ ਸਾਹਿਬ ਅੰਦਰਲੇ ਸ਼ਾਇਰ ਨੇ ਤਾਂ ਰੰਗ ਹੀ ਬੰਨ ਦਿਤਾ। ਗੁਰੂ ਸਾਹਿਬ ਸੂਹੀ ਰਾਗ ਵਿੱਚ ਛੰਦ ਤੇ ਛੰਦ ਗਾਈ ਜਾਣ ਤੇ ਉਹ ਵੀ ਉੱਚੀ ਹੇਕ ਵਿਚ।ਹਰ ਛੰਦ ਪਿੱਛੇ ਹਾਸੇ ਮਖੌਲ ਦੀਆਂ ਕਿਲਕਾਰੀਆਂ ਉੱਠਣ। ਕਿਉਂਕਿ ਲਾੜੇ ਨੇ ਕੰਮ ਹੀ ਕੁਝ ਅਲੌਕਿਕ ਕਰ ਦਿੱਤਾ ਸੀ। ਇਕ ਪਾਸੇ ਜਨਾਨੀਆਂ ਜੰਞ ਦੇ ਸਵਾਗਤ ਵਿੱਚ ਸੋਹਲੇ ਗਾ ਰਹੀਆਂ ਸਨ ਜਾਂ ਸਿੱਠਣੀਆਂ ਦੇ ਰਹੀਆਂ ਸਨ ਦੂਜੇ ਪਾਸੇ ਗੁਰੂ ਸਾਹਿਬ ਜਵਾਬ ਵਿਚ ਛੰਦ ਗਾ ਰਹੇ ਸਨ। ਪਰ ਸਾਹਿਬ ਦੇ ਧੁਰ ਅੰਦਰ ਤਾਂ ਅਕਾਲ ਪੁਰਖ ਦੀ ਲਈ ਖਿੱਚ ਸੀ ਇਸ ਮੌਜ ਮਸਤੀ ਦੇ ਮਹੌਲ ਵਿਚ ਗੁਰੂ ਸਾਹਿਬ ਨੇ ਅਕਾਲ ਪੁਰਖ ਨੂੰ ਹੀ ਯਾਦ ਕੀਤਾ। ਜਦੋਂ ਸਾਲੀਆਂ ਨੇ ਜੀਜੇ ਦੀ ਸਿਫਤ ਸਲਾਹ ਕੀਤੀ ਤਾਂ ਗੁਰੂ ਬਾਬੇ ਨੇ ਟੋਕਿਆ ਕਿ ਬੰਦੇ ਦੀ ਸਿਫਤ ਸਲਾਹ ਕਾਹਨੂੰ ਕਰਦੀਆਂ ਜੇ। ਉਸਤਤ ਕਰਨੀ ਹੈ ਤਾਂ ਜੰਮਣ ਵਾਲੇ ਦੀ ਕਰੋ ਜਿਸਨੇ ਸਾਜਿਆ ਹੈ। ਉਸ ਮੌਕੇ ਗਾਇਆ ਪੂਰਾ ਸ਼ਬਦ ਇਹ ਹੈ:-:

ਰਾਗੁ ਸੂਹੀ ਮਹਲਾ ੧ ਛੰਤੁ ਘਰੁ ੨ ੴ ਸਤਿਗੁਰ ਪ੍ਰਸਾਦਿ ॥ ਹਮ ਘਰਿ ਸਾਜਨ ਆਏ ॥ ਸਾਚੈ ਮੇਲਿ ਮਿਲਾਏ ॥ ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ ॥ ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ ॥ ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ ॥ ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥੧॥ ਆਵਹੁ ਮੀਤ ਪਿਆਰੇ ॥ ਮੰਗਲ ਗਾਵਹੁ ਨਾਰੇ ॥ ਸਚੁ ਮੰਗਲੁ ਗਾਵਹੁ ਤਾ ਪ੍ਰਭ ਭਾਵਹੁ ਸੋਹਿਲੜਾ ਜੁਗ ਚਾਰੇ ॥ ਅਪਨੈ ਘਰਿ ਆਇਆ ਥਾਨਿ ਸੁਹਾਇਆ ਕਾਰਜ ਸਬਦਿ ਸਵਾਰੇ ॥ ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ ॥ ਸਖੀ ਮਿਲਹੁ ਰਸਿ ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ ॥੨॥ ਮਨੁ ਤਨੁ ਅੰਮ੍ਰਿਤਿ ਭਿੰਨਾ ॥ ਅੰਤਰਿ ਪ੍ਰੇਮੁ ਰਤੰਨਾ ॥ ਅੰਤਰਿ ਰਤਨੁ ਪਦਾਰਥੁ ਮੇਰੈ ਪਰਮ ਤਤੁ ਵੀਚਾਰੋ ॥ ਜੰਤ ਭੇਖ ਤੂ ਸਫਲਿਓ ਦਾਤਾ ਸਿਰਿ ਸਿਰਿ ਦੇਵਣਹਾਰੋ ॥ ਤੂ ਜਾਨੁ ਗਿਆਨੀ ਅੰਤਰਜਾਮੀ ਆਪੇ ਕਾਰਣੁ ਕੀਨਾ ॥ ਸੁਨਹੁ ਸਖੀ ਮਨੁ ਮੋਹਨਿ ਮੋਹਿਆ ਤਨੁ ਮਨੁ ਅੰਮ੍ਰਿਤਿ ਭੀਨਾ ॥੩॥ ਆਤਮ ਰਾਮੁ ਸੰਸਾਰਾ ॥ ਸਾਚਾ ਖੇਲੁ ਤੁਮ੍ਹਾਰਾ ॥ ਸਚੁ ਖੇਲੁ ਤੁਮ੍ਹਾਰਾ ਅਗਮ ਅਪਾਰਾ ਤੁਧੁ ਬਿਨੁ ਕਉਣੁ ਬੁਝਾਏ ॥ ਸਿਧ ਸਾਧਿਕ ਸਿਆਣੇ ਕੇਤੇ ਤੁਝ ਬਿਨੁ ਕਵਣੁ ਕਹਾਏ ॥ ਕਾਲੁ ਬਿਕਾਲੁ ਭਏ ਦੇਵਾਨੇ ਮਨੁ ਰਾਖਿਆ ਗੁਰਿ ਠਾਏ ॥ ਨਾਨਕ ਅਵਗਣ ਸਬਦਿ ਜਲਾਏ ਗੁਣ ਸੰਗਮਿ ਪ੍ਰਭੁ ਪਾਏ ॥੪॥੧॥੨॥

ਵਿਆਹ ਮੌਕੇ ਗੁਰੂ ਸਾਹਿਬ ਨੇ ਹੋਰ ਵੀ ਕਈ ਸਬਦ ਉਚਾਰਨ ਕੀਤੇ। ਜਿਵੇ:-

ਰਾਗੁ ਸੂਹੀ ਮਹਲਾ ੧ ਘਰੁ ੩ ੴ ਸਤਿਗੁਰ ਪ੍ਰਸਾਦਿ ॥ ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ ॥ ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ ॥ ਮਨਿ ਚਾਉ ਘਨੇਰਾ ਸੁਣਿ ਪ੍ਰਭ ਮੇਰਾ ਮੈ ਤੇਰਾ ਭਰਵਾਸਾ ॥ ਦਰਸਨੁ ਦੇਖਿ ਭਈ ਨਿਹਕੇਵਲ ਜਨਮ ਮਰਣ ਦੁਖੁ ਨਾਸਾ ॥ ਸਗਲੀ ਜੋਤਿ ਜਾਤਾ ਤੂ ਸੋਈ ਮਿਲਿਆ ਭਾਇ ਸੁਭਾਏ ॥ ਨਾਨਕ ਸਾਜਨ ਕਉ ਬਲਿ ਜਾਈਐ ਸਾਚਿ ਮਿਲੇ ਘਰਿ ਆਏ ॥੧॥ ਘਰਿ ਆਇਅੜੇ ਸਾਜਨਾ ਤਾ ਧਨ ਖਰੀ ਸਰਸੀ ਰਾਮ ॥ ਹਰਿ ਮੋਹਿਅੜੀ ਸਾਚ ਸਬਦਿ ਠਾਕੁਰ ਦੇਖਿ ਰਹੰਸੀ ਰਾਮ ॥ ਗੁਣ ਸੰਗਿ ਰਹੰਸੀ ਖਰੀ ਸਰਸੀ ਜਾ ਰਾਵੀ ਰੰਗਿ ਰਾਤੈ ॥ ਅਵਗਣ ਮਾਰਿ ਗੁਣੀ ਘਰੁ ਛਾਇਆ ਪੂਰੈ ਪੁਰਖਿ ਬਿਧਾਤੈ ॥ ਤਸਕਰ ਮਾਰਿ ਵਸੀ ਪੰਚਾਇਣਿ ਅਦਲੁ ਕਰੇ ਵੀਚਾਰੇ ॥ ਨਾਨਕ ਰਾਮ ਨਾਮਿ ਨਿਸਤਾਰਾ ਗੁਰਮਤਿ ਮਿਲਹਿ ਪਿਆਰੇ ॥੨॥ ਵਰੁ ਪਾਇਅੜਾ ਬਾਲੜੀਏ ਆਸਾ ਮਨਸਾ ਪੂਰੀ ਰਾਮ ॥ ਪਿਰਿ ਰਾਵਿਅੜੀ ਸਬਦਿ ਰਲੀ ਰਵਿ ਰਹਿਆ ਨਹ ਦੂਰੀ ਰਾਮ ॥ ਪ੍ਰਭੁ ਦੂਰਿ ਨ ਹੋਈ ਘਟਿ ਘਟਿ ਸੋਈ ਤਿਸ ਕੀ ਨਾਰਿ ਸਬਾਈ ॥ ਆਪੇ ਰਸੀਆ ਆਪੇ ਰਾਵੇ ਜਿਉ ਤਿਸ ਦੀ ਵਡਿਆਈ ॥ ਅਮਰ ਅਡੋਲੁ ਅਮੋਲੁ ਅਪਾਰਾ ਗੁਰਿ ਪੂਰੈ ਸਚੁ ਪਾਈਐ ॥ ਨਾਨਕ ਆਪੇ ਜੋਗ ਸਜੋਗੀ ਨਦਰਿ ਕਰੇ ਲਿਵ ਲਾਈਐ ॥੩॥ ਪਿਰੁ ਉਚੜੀਐ ਮਾੜੜੀਐ ਤਿਹੁ ਲੋਆ ਸਿਰਤਾਜਾ ਰਾਮ ॥ ਹਉ ਬਿਸਮ ਭਈ ਦੇਖਿ ਗੁਣਾ ਅਨਹਦ ਸਬਦ ਅਗਾਜਾ ਰਾਮ ॥ ਸਬਦੁ ਵੀਚਾਰੀ ਕਰਣੀ ਸਾਰੀ ਰਾਮ ਨਾਮੁ ਨੀਸਾਣੋ ॥ ਨਾਮ ਬਿਨਾ ਖੋਟੇ ਨਹੀ ਠਾਹਰ ਨਾਮੁ ਰਤਨੁ ਪਰਵਾਣੋ ॥ ਪਤਿ ਮਤਿ ਪੂਰੀ ਪੂਰਾ ਪਰਵਾਨਾ ਨਾ ਆਵੈ ਨਾ ਜਾਸੀ ॥ ਨਾਨਕ ਗੁਰਮੁਖਿ ਆਪੁ ਪਛਾਣੈ ਪ੍ਰਭ ਜੈਸੇ ਅਵਿਨਾਸੀ ॥੪॥੧॥੩॥

ਓਨੀ ਦਿਨੀ ਜੰਞ ਕਈ ਕਈ ਦਿਨ ਰਹਿੰਦੀ ਹੁੰਦੀ ਸੀ। ਗੁਰੂ ਸਾਹਿਬ ਓਥੇ ਹਰ ਮਾਈ ਭਾਈ ਤੇ ਆਪਣੀ ਛਾਪ ਛੱਡ ਚੁੱਕੇ ਸਨ। ਜਨਮ ਸਾਖੀ 'ਚ ਆਇਆ ਹੈ ਕਿ ਇਹ ਇਸਤ੍ਰੀਆ ਨਾਲ ਮੇਲਾਪ ਤਾਂ ਸ਼ਾਮ ਨੂੰ ਹੁੰਦਾ ਸੀ ਤੇ ਸਵੇਰੇ ਬਾਬਾ ਇਸਨਾਨ ਪਾਣੀ ਕਰਕੇ ਹੇਕ ਨਾਲ (ਅਲਾਪ) ਸਬਦ ਪੜ੍ਹਦਾ ਸੀ। ਵਜੰਤਰੀ ਨਾਲ ਸਨ। ਅੱਗੇ ਅੱਗੇ ਬਾਬਾ ਗਾਵਦਾ ਸੀ ਤੇ ਮਗਰ ਰਾਗੀ ਰਬਾਬੀ ਗਾਉਦੇ ਸਨ। ਜਰਾ ਵਿੱਚਾਰ ਕਰੋ ਉਹ ਕਿਹੋ ਜਿਹਾ ਮਹੌਲ ਹੋਵੇਗਾ। ਅਲੌਕਿਕ ਹੀ ਜੰਞ ਸੀ ਜਿੱਥੇ ਲਾੜ੍ਹਾ ਆਪ ਗਾਉਦਾ ਸੀ ਤੇ ਉਹ ਵੀ ਅਕਾਲ ਪੁਰਖ ਦੀ ਉਸਤਤ। ਉਨਾਂ ਦੀ ਸ਼ਖਸੀਅਤ ਮਿਕਨਾਤੀਸੀ ਤਾਂ ਹੈ ਹੀ ਸੀ। ਹਰ ਕੋਈ ਪ੍ਰਭਾਵਤ ਹੋ ਚੁੱਕਾ ਸੀ।

ਆਸਾ ਮਹਲਾ ੧ ॥ ਕਰਿ ਕਿਰਪਾ ਅਪਨੈ ਘਰਿ ਆਇਆ ਤਾ ਮਿਲਿ ਸਖੀਆ ਕਾਜੁ ਰਚਾਇਆ ॥ ਖੇਲੁ ਦੇਖਿ ਮਨਿ ਅਨਦੁ ਭਇਆ ਸਹੁ ਵੀਆਹਣ ਆਇਆ ॥੧॥ ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ ॥ ਹਮਰੈ ਘਰਿ ਆਇਆ ਜਗਜੀਵਨੁ ਭਤਾਰੁ ॥੧॥ ਰਹਾਉ ॥ ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ ਜਾਂ ਸਹੁ ਮਿਲਿਆ ਤਾਂ ਜਾਨਿਆ ॥ ਤਿਹੁ ਲੋਕਾ ਮਹਿ ਸਬਦੁ ਰਵਿਆ ਹੈ ਆਪੁ ਗਇਆ ਮਨੁ ਮਾਨਿਆ ॥੨॥ ਆਪਣਾ ਕਾਰਜੁ ਆਪਿ ਸਵਾਰੇ ਹੋਰਨਿ ਕਾਰਜੁ ਨ ਹੋਈ ॥ ਜਿਤੁ ਕਾਰਜਿ ਸਤੁ ਸੰਤੋਖੁ ਦਇਆ ਧਰਮੁ ਹੈ ਗੁਰਮੁਖਿ ਬੂਝੈ ਕੋਈ ॥੩॥ ਭਨਤਿ ਨਾਨਕੁ ਸਭਨਾ ਕਾ ਪਿਰੁ ਏਕੋ ਸੋਇ ॥ ਜਿਸ ਨੋ ਨਦਰਿ ਕਰੇ ਸਾ ਸੋਹਾਗਣਿ ਹੋਇ ॥੪॥੧੦॥

ਜੰਞ ਦਾ ਉਤਾਰਾ ਵੱਖ ਵੱਖ ਘਰਾਂ 'ਚ ਕੀਤਾ ਗਇਆ ਸੀ। ਲਾੜ੍ਹਾ ਤੇ ਉਹਦੇ ਸਾਥੀ ਕੌਲਾ ਤੇ ਵੀਰੋ ਨਾਂ ਦੇ ਛੀਬੇ ਪ੍ਰਵਾਰ ਦੇ ਘਰ ਠਹਿਰੇ ਸਨ। ▫

ਬਟਾਲੇ ਹੀ ਜਦੋਂ ਇਕ ਕੰਧ ਤੇ ਬਹਿ ਕੇ ਉਪਦੇਸ਼ ਕਰ ਰਹੇ ਸਨ ਤਾਂ ਇਕ ਦੁਰਗੀ ਨਾਂ ਦੀ ਮਾਈ, ਗੋਤ ਭੰਡਾਰੀ ਨੇ ਸੁਚੇਤ ਕੀਤਾ ਕਿ ਲਾੜ੍ਹਾ ਬੇਟਾ ਜੀ ਕੱਚੀ ਕੰਧ ਤੇ ਨਾਂ ਬੈਠੋ। ਮੈਂ ਮੰਜੀ ਮੰਗਾ ਦੇਨੀ ਆਂ। ਕੰਧ ਢਿੱਗਣ ਵਾਲੀ ਹੈ। ਵਖਿਆਨ 'ਚ ਰੁੱਝੇ ਨਾਨਕ ਦੇ ਮੂੰਹੋ ਸਹਿਜ ਸੁਭਾਅ ਨਿਕਲ ਗਿਆ, ਨਹੀ ਮਾਤਾ ਜੀ ਇਹ ਕੰਧ ਤਾਂ ਜੁੱਗਾਂ ਜੁੱਗਾਂ ਤੱਕ ਸਲਾਮਤ ਰਹਿਣ ਵਾਲੀ ਹੈ।

ਇਹ ਕੱਚੀ ਕੰਧ ਅੱਜ ਵੀ ਮੌਜੂਦ ਹੈ।

ਕੋਈ 100 ਕੁ ਸਾਲ ਤੋਂ ਗੁਰਸਿੱਖਾਂ ਨੇ ਉਸ ਕੰਧ ਦੇ ਅਸਥਾਨ ਤੇ ਗੁਰਦੁਆਰਾ ਸਾਹਿਬ ਬਣਾ ਦਿੱਤਾ ਹੈ ਤੇ ਕੰਧ ਨੂੰ ਸ਼ੀਸ਼ੇ ਵਿੱਚ ਮੜ੍ਹ ਦਿੱਤਾ ਹੈ।

ਜਨਮਸਾਖੀ ਵਿੱਚ ਅੱਗੇ ਲਿਖਿਆ ਹੈ ਕਿ:◉

"ਖਤ੍ਰੀ ਬ੍ਰਹਮਣ ਸੂਦੁ ਵੈਸੁ ਜਿਤਨਾ ਸਾ, ਜਿਤਨਾ ਮੁਸਲਮਾਨੁ ਸਾਮ ਸਿ ਸਭ ਗੁਰੂ ਬਾਬੇ ਨਾਨਕ ਜੀ ਕੀ ਉਸਤਤਿ ਲਾਗੇ ਕਰਨੇ।

ਤਬ ਗੁਰੂ ਬਾਬੇ ਨਾਨਕ ਜੀ ਕੀ ਖੱਟ ਧਰੀ (ਮੰਜੀ ਰੱਖੀ ਭਾਵ ਵਿਖਾਵਾ ਪਾਇਆ) ਤੇਵਰ ਬੇਵਰ, ਸੁਇਨਾ ਰੁਪਾ, ਜਵੇਹਰ ਮੋਤੀ, ਕਪੜੇ ਸਬ ਪਟ ਕਰਮ ਅਨੇਕ ਅਨੇਕ ਬਸਤਰ ਪਕਵਾਨ ਹੰਡਵਾਈਆਂ (ਰਜਾਈਆਂ) ਘੋੜੇ ਜੋੜੇ, ਗਊਆਂ, ਵਾਹਣੀ ਜੋਇ ਮਿਲੀਆਂ, ਰੂਪ ਰੰਗ ਸਾਥਿ ਬੀਆਹੁ ਹੋਆ।

ਜਨੇਤ ਕੋ ਬਸਤਰ ਮੂਲੋ ਪਹਿਰਾਏ, ਐਸਾ ਧਰਮ ਕਾ ਬੀਆਹੁ ਹੂਆ। ਦਾਜ ਦਖਣਾ ਦੇ ਕਰ ਬਿਦਾ ਕੀਏ। ਬੀਆਹੁ ਕਰਿ ਕੈ ਤਲਵੰਡੀ ਆਏ। ਘਰਿ ਆਇ ਵੜੇ। ਦਾਜ ਬਿਸਤਾਰਿ ਕਰਿ ਕੁੜਮਾਂ ਪੰਚਾ ਨੋ ਦਿਖਾਇਆ। ਜਿਨ ਕੋ ਬਸਤਰ ਦੇਣੇ ਸੇ ਤਿਨ ਤਿਨ ਕਉ ਤੇਵਰ ਬੇਵਰ ਬਾਟਿ ਦੀਏ। ਲਾਗੀਅਹੁ ਲਾਗ ਲੀਏ, ਭਟਾਂ ਬ੍ਰਹਮਣਹੁ ਕਉ ਪਟੰਬਰ ਪਾਏ। ਸਰਬ ਲੋਕ ਖੁਸੀ ਹੋਏ।



ਗੁਰ. ਫਲਾਹੀ ਸਾਹਿਬ ਵਡਾਲਾ ਗ੍ਰੰਥੀਆਂ

ਸਾਈਕਲ ਯਾਤਰੀ- 624 ਗੁਰਦੁਆਰਾ ਨਾਨਕ ਮੜ੍ਹ ਸਾਹਿਬ ਬਟਾਲਾ ਦੀ ਮੌਜੂਦਗੀ ਦੀ ਗਲ ਕਰਦਾ ਹੈ। (ਹੇਠਲੀ ਤਸਵੀਰ 1933 ਈ. ਵਿੱਚ ਦੀ ਉਤਾਰੀ ਹੋਈ ਹੈ।) ਲਿਖਿਆ ਹੈ ਕਿ ਇਹ ਜਗਾ ਬਟਾਲਾ ਸ਼ਹਿਰ ਦੇ ਚੜ੍ਹਦੇ ਪਾਸੇ ਦੱਖਣ ਦੀ ਗੁੱਠ ਵਿੱਚ ਇਕ ਕਿਲੋ ਮੀਟਰ ਦੀ ਵਿੱਥ ਤੇ ਹੈ। ਲਿਖਿਆ ਹੈ ਕਿ ਇਹ ਥਾਂ ਛੀਂਬੇ ਸਿੱਖਾਂ ਦੇ ਕਬਜੇ ਵਿੱਚ ਹੈ। ਮੇਲਾ ਭਾਦਰੋਂ ਦੇ ਮਹੀਨੇ ਲਗਦਾ ਹੈ। ਇਥੇ ਬੋਹੜ ਦਾ ਰੁੱਖ ਖੜਾ ਹੈ। ਗੁਰਦੁਆਰੇ ਦੇ ਪਾਸ ਹੀ ਦੱਖਣ ਦੀ ਤਰਫ 50-60 ਕਰਮਾਂ ਤੇ ਮੁਸਲਮਾਨ ਬਾਬਾ ਵਜੀਰ ਸਾਹਿਬ ਫਕੀਰ ਸੱਯਦ ਦੀ ਖਾਨਗਾਹ ਹੈ। ਮੜ੍ਹ ਸਾਹਿਬ ਦੇ ਨਾਂ ਤੇ ਪਹਿਲਾਂ 16 ਘੁੰਮਾਂ ਜਮੀਨ ਸੀ, ਪਰ ਬਾਦ ਵਿੱਚ ਮੁਸਲਮਾਨਾਂ ਦਾ ਜੋਰ ਪੈਣ ਤੇ ਗੁਰਦੁਆਰੇ ਵਾਲੀ ਜਮੀਨ ਖਾਨਗਾਹ ਦੇ ਨਾਮ ਹੋ ਗਈ। ਇਸ ਅਸਥਾਨ ਤੇ 100 ਕਰਮਾਂ ਦੇ ਫਾਸਲੇ ਤੇ ਛੱਪੜ ਹੈ ਜਿੱਥੇ ਲੋਕ ਅਸ਼ਨਾਨ ਕਰਦੇ ਹਨ ਤੇ ਮੰਨਦੇ ਹਨ ਕਿ ਗੁਰੂ ਸਾਹਿਬ ਦੀ ਜਦੋਂ ਜੰਞ ਆਈ ਹੋਈ ਸੀ ਤਾਂ ਇਥੇ ਹੀ ਪੜਾਅ ਕੀਤਾ ਤੇ ਹੱਥ ਮੂੰਹ ਧੋਤੇ ਸਨ। ਬਾਦ ਵਿੱਚ ਬਟਾਲੇ ਦੀ ਮਾਵੀ ਪੰਚਾਇਤ ਜੰਞ ਨੂੰ ਸੱਦਣ ਆਈ ਤੇ ਬਟਾਲੇ ਢੁਕਾਅ ਹੋਇਆ ਸੀ। ਪਰ ਇਸ ਨਾਂ ਦਾ ਗੁਰਦੁਆਰਾ ਬਟਾਲਾ ਇਲਾਕੇ ਵਿਚ ਅੱਜ ਮੌਜੂਦ ਨਹੀ ਹੈ। ਅਸੀ ਪੁੱਛ ਪੜਤਾਲ ਕੀਤੀ ਤੇ ਪਤਾ ਲੱਗਾ ਹੈ ਕਿ ਹੋ ਸਕਦਾ ਸਾਈਕਲ ਯਾਤਰੀ ਗੁਰਦੁਆਰਾ ਫਲਾਹੀ ਸਾਹਿਬ ਦੀ ਹੀ ਗਲ ਕਰ ਰਿਹਾ ਹੋਵੇ ਜੋ ਦੀਵਾਨੀਵਾਲ ਅਤੇ ਵਡਾਲਾ ਗ੍ਰੰਥੀਆਂ ਦਰਮਿਆਨ ਮੌਜੂਦ ਹੈ ਪਰ ਫਲਾਹੀ ਸਾਹਿਬ ਤਾਂ ਕੰਧ ਸਾਹਿਬ ਬਟਾਲਾ ਤੋਂ ਸਾਢੇ ਛੇ ਕਿ. ਮੀ ਹੱਟਵਾਂ ਤੇ ਉਹ ਵੀ ਪੂਰਬ ਵਿਚ ਹੈ। ਹੋਰ ਖੋਜ ਦੀ ਜਰੂਰਤ ਹੈ।



ਗੁਰਦੁਆਰਾ ਨਾਨਕ ਮੜ੍ਹ ਸਾਹਿਬ

ਗੁਰੂ ਬਾਬੇ ਕਾ ਬਿਆਹੁ ਹੋਆ। "

ਸੋ ਇਸ ਪ੍ਰਕਾਰ ਬਾਬਾ ਨਾਨਕ ਜੀ ਵਿਆਹੇ ਗਏ ਬੀਬੀ ਘੁੰਮੀ (ਪੇਕਿਆਂ ਦਾ ਨਾਂ) ਨਾਲ। ਮਾਤਾ ਤ੍ਰਿਪਤਾ ਨੇ ਜਿਸ ਨੂੰ ਸੁਲੱਖਣੀ ਨਾਂ ਦਿੱਤਾ। ਮਾਤਾ ਸੁਲੱਖਣੀ ਦਾ ਪਿਤਾ ਮੂਲ ਚੰਦ ਚੋਨਾ ਅਤੇ ਮਾਤਾ ਚੰਦੋ ਰਾਣੀ। ਵਿਆਹ ਦੀ ਰਸਮ ਬਟਾਲੇ ਹੋਈ। ਪਿਤਾ ਮੂਲ ਚੰਦ ਪੱਖੋਕਿਆਂ ਦੇ ਪਟਵਾਰੀ ਸਨ। ਲਗਦਾ ਹੈ ਇਨਾਂ ਦਾ ਪਿੱਛਲਾ ਪਿੰਡ ਚੋਣੇ ਨੇੜੇ ਘੁਮਾਣ ਜਿਲਾ ਗੁਰਦਾਸਪੁਰ ਸੀ।

----◈-----

## ਨਾਮ ਹੀ ਬਾਬੇ ਦੀ ਖੇਤੀ, ਵਪਾਰ, ਸੌਦਾਗਿਰੀ ਜਾਂ ਨੌਕਰੀ

ਵਿਆਹ ਹੋ ਜਾਣ ਤੋਂ ਬਾਦ ਵੀ ਗੁਰੂ ਸਾਹਿਬ ਨਿਰੰਕਾਰ ਨਾਲ ਲਿਵਲੀਨ ਰਹਿੰਦੇ ਸਨ। ਇਨਾਂ ਦੀ ਮੁੱਖ ਜੁੰਮੇਵਾਰੀ ਖੇਤੀ ਬਾੜੀ ਦੀ ਸੀ। ਇਹ ਵੀ ਪਤਾ ਲਗਦਾ ਹੈ ਕਿ ਪ੍ਰਵਾਰ ਦੀ ਹੱਟੀ ਵੀ ਹੁੰਦੀ ਸੀ। ਚਾਚਾ ਲਾਲੂ ਮੁਖ ਤੌਰ ਤੇ ਹੱਟੀ ਦਾ ਕੰਮ ਵੇਖਦੇ ਸਨ। ਗਾਹੇ ਬਿਗਾਹੇ ਗੁਰੂ ਨਾਨਕ ਨੂੰ ਵੀ ਹੱਟੀ ਤੇ ਬੈਠਣਾ ਪੈਂਦਾ ਸੀ। ਪਰ ਗੁਰੂ ਸਾਹਿਬ ਖੇਤੀ ਦੇ ਕੰਮ ਵਿਚ ਥੋੜਾ ਸੌਖ ਮਹਿਸੂਸ ਕਰਦੇ ਸਨ। ਕਦੀ ਡੰਗਰ ਵੀ ਚਾਰਦੇ ਸਨ। ਕੁਝ ਵੀ ਕਰਨ ਧਿਆਨ ਉਹਨਾਂ ਦਾ ਦੁਨੀਆ ਦੇ ਪਾਲਣਹਾਰ ਅਕਾਲਪੁਰਖ ਨਿਰੰਕਾਰ ਵਿਚ ਹੀ ਰਹਿੰਦਾ ਸੀ।

ਇਕ ਵੇਰਾਂ ਬਾਬੇ ਦੀ ਨਿਰੰਕਾਰ ਨਾਲ ਅਜਿਹੀ ਲਿਵ ਲੱਗੀ ਕਿ ਚਾਰ ਦਿਨ ਕੁਝ ਸੁੱਧ ਬੁੱਧ ਨਾਂ ਰਹੀ। ਹਾਰ ਕੇ ਗੁਰੂ ਸਾਹਿਬ ਦੀ ਪਤਨੀ ( ਮਾਤਾ ਸੁਲੱਖਣੀ) ਨੇ ਸੱਸ ਅੱਗੇ ਜਾ ਸ਼ਕਾਇਤ ਲਾਈ। "ਮਾਤਾ ਜੀ ਅੱਜ ਚੌਥਾ ਦਿਨ ਹੈ। ਨਾਂ ਕੁਝ ਖਾਧਾ ਨਾਂ ਪੀਤਾ ਹੈ। ਬਸ ਮਸਤ ਹੋਏ ਪਏ ਨੇ। ਕਦੀ ਗਾਉਂਦੇ ਨੇ, ਕਦੀ ਚੁੱਪ ਹੋ ਜਾਂਦੇ ਨੇ। ਮੇਰੀ ਕਿਸੇ ਗੱਲ ਦਾ ਜਵਾਬ ਨਹੀ ਦਿੰਦੇ। " ਮਾਂ ਤ੍ਰਿਪਤਾ ਤਾਂ ਪਹਿਲਾਂ ਹੀ ਅੱਕੀ ਪਈ ਸੀ। ਸਬੱਬੀ ਘਰ ਚਾਚੇ ਤਾਏ ਕਿਸੇ ਕੰਮ ਆ ਗਏ। ਪਿਤਾ ਕਾਲੂ ਵੀ ਘਰੇ ਸਨ। ਹਰ ਕਿਸੇ ਦੇ ਮੰਨ ਵਿੱਚ ਇਹੋ ਸਵਾਲ ਸੀ ਕਿ ਨਾਨਕ ਦਾ ਕੀ ਇਲਾਜ ਕੀਤਾ ਜਾਵੇ। ਮਾਤਾ ਤ੍ਰਿਪਤਾ ਨੇ ਤਾਂ ਇਥੋ ਤੱਕ ਕਹਿ ਦਿੱਤਾ ਕਿ ਕਈ ਕਹਿੰਦੇ ਨੇ ਬੇਦੀ ਦਾ ਮੁੰਡਾ ਨਿਖੱਟੂ ਹੈ। ਚਾਚੇ ਤਾਇਆਂ ਕਾਲੂ ਨੂੰ ਤਾਹਨਾ ਦੇ ਦਿੱਤਾ ਕਿ ਤੂੰ ਜਵਾਨ ਮੁੰਡੇ ਨੂੰ ਲਾਡ ਨਾਲ ਵਿਗਾੜਿਆ ਹੋਇਆ ਹੈ। ਕਿਉ ਨਹੀ ਇੰਨੂੰ ਕਿਸੇ ਆਹਰੇ ਕਾਰੇ ਲਾਉਂਦਾ? ਇਸ ਸੁਣਕੇ ਪਿਤਾ ਕਾਲੂ ਦਾ ਗੁੱਸਾ ਸੱਤਵੇ ਅਸਮਾਨ ਤੇ ਪੁੱਜ ਜਾਂਦਾ। ਸਾਰੇ ਇਕੱਠੇ ਹੋ ਕੇ ਨਾਨਕ ਦੇ ਕਮਰੇ ਵਿੱਚ ਗਏ।

ਇਕ ਤਾਇਆ ਬੋਲ ਉਠਿਆ, "ਓਏ ਮੁੰਡਿਆ ਤੂੰ ਕੋਈ ਕਾਰ ਵਿਹਾਰ ਕਿਓ ਨਹੀ ਕਰਦਾ?"

ਅਨੰਦ ਦੀ ਉੱਚ ਅਵਸਥਾ ਵਿੱਚ ਪਹੁੰਚੇ ਗੁਰੂ ਸਾਹਿਬ ਨੇ ਜਵਾਬ ਦਿੱਤਾ, "ਕੌਣ ਕਹਿੰਦਾ ਮੈਂ ਕਾਰ ਵਿਹਾਰ ਨਹੀ ਕਰਦਾ? ਮੈਂ ਤਾਂ ਬਹੁਤ ਨੇਕ ਕਮਾਈ ਵਿੱਚ ਲੱਗਾ ਪਿਆ ਵਾ। "

ਪੈੜ ਸਰੋਤ

⊙ ਸੋਢੀ -29, ◘ ਇਸ ਗੁਰ ਅਸਥਾਨ ਤੇ ਲਗ ਪਗ 1947 ਈ. ਤੱਕ ਉਹ ਛੀਂਬਾ ਪ੍ਰਵਾਰ ਨਿਵਾਸ ਕਰਦਾ ਰਿਹਾ। 1933 ਈ ਵਿੱਚ ਇਸ ਪ੍ਰਵਾਰ ਦੇ ਭਾਈ ਰਲਾ ਰਾਮ ਅਤੇ ਰਖਾ ਰਾਮ ਸਨ।

ਪਿਤਾ ਕਾਲੂ ਚੀਕ ਉਠਿਆ, "ਓਏ ਕਿਹੜੀ ਨੇਕ ਕਮਾਈ ਕਰਦੈ ਤੂੰ?"

ਚਾਚੇ ਨੇ ਵੀ ਕਟਾਖ ਕਰ ਦਿੱਤਾ, "ਕਾਮ ਕੇ ਨਾ ਕਾਜ ਕੇ। ਦੁਸ਼ਮਣ ਅਨਾਜ ਕੇ। "

ਮਾਤਾ ਤ੍ਰਿਪਤਾ ਨੇ ਵਿੱਚੇ ਟੋਕ ਦਿੱਤਾ, "ਨਹੀ ਲਾਲੂ ਇਹਨੂੰ ਖਾਣ ਪੀਣ ਦੀ ਵੀ ਕੋਈ ਸੁੱਧ ਨਹੀ। ਦੇ ਦਿਓ ਤਾਂ ਥੋੜਾ ਜਿਹਾ ਖਾ ਲੈਂਦਾ ਨਹੀ ਤਾਂ ਬਸ ਮਸਤ। "

ਚਾਚੇ ਤਾਏ ਫਿਰ ਬੋਲ ਉਠੇ ਕਿ ਦੱਸ ਕਿਹੜੀ ਕਮਾਈ ਤੂੰ ਪਿਆ ਕਰਦੈ? ਤੇਰੇ ਕਰਕੇ ਬੇਦੀਆ ਦੀ ਬਦਨਾਮੀ ਹੋ ਰਹੀ ਹੈ। ਤੇਰੇ ਨਾਲ ਦੇ ਕਈਆਂ ਨੇ ਅੱਜ ਮੁਰੱਬੇ ਸਾਂਭੇ ਹੋਏ ਨੇ। ਕੋਈ ਵੱਡਾ ਹੱਟ ਕਰ ਰਿਹਾ। ਕੋਈ ਅਰਬ ਕੋਈ ਬੁਖਾਰੇ ਜਾ ਜਾ ਸੌਦਾਗਰੀ ਕਰ ਰਿਹਾ। ਕੋਈ ਵੱਡੇ ਰਾਜਿਆ ਦੀ ਨੌਕਰੀ ਕਰਕੇ ਉੱਚੇ ਅਹੁਦਿਆ ਤੇ ਬਰਾਜਮਾਨ ਹੈ। ਤੂੰ ਕਿਓ ਨਹੀ ਕੰਮ ਕਰਦਾ ਹੈ?

ਬਾਬੇ ਨੇ ਕਿਹਾ ਮੈਂ ਨਿਰੰਕਾਰ ਦਾ ਨਾਮ ਜਪਦਾ ਹਾਂ। ਜਿਸ ਨੇ ਸਾਰਾ ਜਗਤ ਪੈਦਾ ਕੀਤਾ ਵਾ। ਉਹਦੀ ਤਾਰੀਫ ਵਿੱਚ ਲੱਗਾ ਰਹਿਨਾ ਵਾਂ। ਉਹਦਾ ਸ਼ੁਕਰਾਨਾ ਕਰਦਾ ਵਾਂ, ਧੰਨਵਾਦ। ਗੁਰੂ ਸਾਹਿਬ ਨੇ ਫਿਰ ਸੋਰਠ ਰਾਗ ਦੀ ਹੇਕ ਵਿੱਚ ਸ਼ਬਦ ਪੜਿਆ:-

ਸੋਰਠਿ ਮਹਲਾ ੧ ਘਰੁ ੧ ॥ ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥ ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥ ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥੧॥ ਬਾਬਾ ਮਾਇਆ ਸਾਥਿ ਨ ਹੋਇ ॥ ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥ ਰਹਾਉ ॥ ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ ॥ ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ ॥ ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ ॥੨॥ ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ ॥ ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ ॥ ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ ॥੩॥ ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ ॥ ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਖੈ ਧੰਨੁ ॥ ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ ॥੪॥੨॥

ਗੁਰੂ ਸਾਹਿਬ ਨੇ ਫਰਮਾਇਆ ਕਿ ਜਿਹੜੀ ਖੇਤੀ ਮੈਂ ਕਰਦਾ ਵਾਂ ਓਹ ਸਾਰਿਆਂ ਨੂੰ ਨਹੀ ਦਿੱਸਦੀ। ਮੈਂ ਆਪਣੇ ਮੰਨ ਨੂੰ ਹਾਲੀ ਬਣਾ ਲਿਆ ਹੈ ਤੇ ਆਪਣੇ ਸਰੀਰ ਨੂੰ ਪੈਲੀ, ਉੱਤੇ ਮਿਹਨਤ ਦਾ ਪਾਣੀ ਲਾਉਨਾਂ ਵਾਂ। ਨਿਰੰਕਾਰ ਦੇ ਜਸ ਜਾਂ ਉਸਤਤ ਦਾ ਬੀਅ ਪਾਉਨਾ ਵਾਂ। ਗਰੀਬੀ ਧਾਰਨ ਕੀਤੀ ਹੋਈ ਹੈ ਤੇ ਹਿਰਦੇ ਵਿੱਚ ਸੰਤੋਖ ਹੈ। ਮੇਰੇ ਹਿਰਦੇ ਵਿੱਚ ਨਿਰੰਕਾਰ ਲਈ ਪ੍ਰੇਮ ਹੈ। ਰੱਬ ਦੀ ਕਿਰਪਾ ਦ੍ਰਿਸ਼ਟੀ ਹੋਵੇਗੀ ਤਾਂ ਬੀ ਉਗੇਗਾ ਤੇ ਖੇਤ ਹਰਾ ਭਰਾ ਹੋ ਉਠੇਗਾ। ਬਾਕੀ ਇਹ ਗੱਲ ਯਾਦ ਰਖਿਓ ਜਿਹੜੀ ਮਾਇਆ ਦੀ ਤੁਸੀ ਗੱਲ ਕਰ ਰਹੇ ਹੋ ਉਸਨੇ ਸਾਥ ਨਹੀ ਦੇਣਾ। ਦੁਨੀਆ ਇਸ ਵਿੱਚ ਗ੍ਰੱਸੀ ਪਈ, ਫਸੀ ਪਈ ਹੈ।

ਏਸੇ ਤਰਾਂ ਫਿਰ ਹੱਟੀ ਕਰਨ, ਪ੍ਰਦੇਸਾਂ ਵਿੱਚ ਜਾ ਜਾ ਸੌਦਾਗਿਰੀ ਕਰਨ ਜਾਂ ਨੌਕਰੀ ਕਰਨ ਦੀ ਗੱਲ ਕਹੀ।

ਵਿਚੋਂ ਜਦੋਂ ਇਕ ਤਾਏ ਨੇ ਬਹਿਸ ਕਰਨੀ ਚਾਹੀ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਤੁਸਾਂ ਕੁਝ ਚਿਰ ਪਹਿਲਾਂ ਘਰ ਵਿੱਚ ਪੰਡਤ ਨੂੰ ਸੱਦ ਕੇ ਕਥਾ ਨਹੀ ਸੀ ਕਰਾਈ? ਤੇ ਯਾਦ ਹੈ ਪੰਡਤ ਨੇ ਕੀ ਦੱਸਿਆ ਸੀ ਕਿ ਭਗਵਾਨ ਦਾ ਨਾਂ ਲੈਣਾ ਸਭ ਤੋਂ ਉਤਮ ਕੰਮ ਹੈ। ਸੋ ਮੈਂ ਤਾਂ ਸਭ ਤੋਂ ਵਧੀਆ ਕੰਮ ਕਰਦਾ ਵਾਂ। ਇਕ ਚਾਚੇ ਨੇ ਫਿਰ ਕਹਿਆ

ਕਿ ਨਾਮ ਨਾਲ ਢਿੱਡ ਨਹੀ ਭਰਦਾ। ਜ਼ਿੰਦਗੀ ਵਿੱਚ ਕੁਝ ਕਾਰੋਬਾਰ ਕਰਨਾ ਪਊਗਾ। ਗੁਰੂ ਸਾਹਿਬ ਨੇ ਕਿਹਾ ਕਿ ਮੈਂ ਦੁਨਿਆਈ ਕਾਰ ਵਿਹਾਰ ਵੀ ਕਰਦਾ ਵਾਂ। ਡੰਗਰ ਚਾਰਦਾ। ਹਲ੍ਹ ਵਾਹੁੰਦਾ ਵਾਂ। ਪਰ ਮੈਂ ਇਸ ਕਾਰ ਵਿਹਾਰ ਵਿੱਚ ਦੀਵਾਨਾ ਨਹੀ ਹਾਂ। ਪਰ ਜਦੋਂ ਮੈ ਆਪਣੇ ਪਿਆਰੇ ਤੋਂ ਜਿਆਦਾ ਦੇਰ ਵਿੱਛੜਦਾ ਹਾਂ ਮੇਰਾ ਸਰੀਰ ਟੁੱਟਦਾ ਹੈ। ਮੈਨੂੰ ਮੌਤ ਨਜਰ ਆਉਦੀ ਹੈ। ਫਿਰ ਕੁਝ ਸਮੇਂ ਵਾਸਤੇ ਮੇਰਾ ਦੁਨਿਆਵੀ ਕਾਰ ਵਿਹਾਰ ਤੋਂ ਮੰਨ ਹਟ ਜਾਂਦਾ ਹੈ।

ਤਾਇਆ ਕਹਿਣ ਲੱਗਾ ਕਿ ਕੰਮ ਮੰਨ ਲਾ ਕੇ ਕਰਨਾਂ ਚਾਹੀਦਾ ਹੈ। ਕੰਮ ਵਿੱਚੇ ਨਹੀ ਛੱਡਿਆ ਜਾ ਸਕਦਾ। ਜਿਸ ਤਰਾਂ ਤੂੰ ਵਿੱਚੇ ਕੰਮ ਛੱਡ ਦਿੰਨਾ ਵਾਂ ਇਸ ਤਰਾਂ ਤਾਂ ਸਭ ਬਰਬਾਦ ਹੋ ਜਾਵੇਗਾ। ਗੁਰੂ ਸਾਹਿਬ ਨੇ ਕਿਹਾ "ਸਾਡੀ ਰਾਖੀ ਨਿਰੰਕਾਰ ਕਰਦਾ ਹੈ। ਮੇਰੀਆਂ ਮੱਝਾਂ, ਮੇਰੇ ਖੇਤ, ਨਿਰੰਕਾਰ ਦੇ ਸਪੁੱਰਦ ਹਨ। ਮੈਂ ਤਾਂ ਸਿਰਫ ਅਰਦਾਸ ਕਰਨਾ ਜਾਣਦਾ ਵਾਂ।"

ਵੱਡਿਆਂ ਫਿਰ ਜੋਰ ਦੇ ਕੇ ਕਿਹਾ ਕਿ ਕੰਮ ਵਿੱਚ ਮੰਨ ਲਾ। ਗੁਰੂ ਸਾਹਿਬ ਨੇ ਕਿਹਾ ਕਿ ਉਹ ਚਾਚਾ ਭਾਨਾ ਇਸ ਦੁਨੀਆ ਤੋਂ ਕੀ ਲੈ ਗਇਆ ਜੋ 40 ਸਾਲ ਦੀ ਭਰ ਜਵਾਨੀ ਵਿੱਚ ਚਲਾ ਗਇਆ ਹੈ? ਕੀ ਉਹ ਕਾਰ ਵਿਹਾਰ ਨਹੀ ਸੀ ਕਰਦਾ? ਸਾਨੂੰ ਕਾਰੋਬਾਰ ਦੀ ਏਨੀ ਵੀ ਦਿਵਾਨਗੀ ਨਹੀ ਹੋਣੀ ਚਾਹੀਦੀ। ਭਾਨੇ ਦਾ ਜਦੋਂ ਨਾਂ ਸੁਣਿਆ ਤਾਂ ਸਾਰਿਆ ਦੇ ਹੋਸ਼ ਉੱਡ ਗਏ। ਸਭ ਨਿਰਉਤਰ ਹੋ ਗਏ ਕਿਉਕਿ ਭਾਨਾ ਦੇਵਾਨਗੀ ਦੀ ਹੱਦ ਤੱਕ ਕਾਰੋਬਾਰ ਵਿੱਚ ਰੁੱਝਾ ਸੀ ਕਿ ਮੌਤ ਦੇ ਸੌਦਾਗਰ ਨੇ ਬੁਖਾਰ ਦਾ ਰੂਪ ਧਾਰਕੇ ਆ ਭਾਨੇ ਨੂੰ ਜਗਾਇਆ।

ਸਾਰੇ ਚੁੱਪ ਸਨ। ਪਿਤਾ ਕਾਲੂ ਫਿਰ ਬੋਲ ਉਠਿਆ, "ਮੈਂ ਤਾਂ ਪਹਿਲਾਂ ਹੀ ਸਿਰ ਦੀਆਂ ਠੀਕਰੀਆਂ ਇਹਦੇ ਤੇ ਭੰਨ ਚੁੱਕਾ ਹਾਂ, ਇਹ ਅੱਗੋਂ ਇਹੋ ਜਿਹੇ ਜਵਾਬ ਦਿੰਦਾ ਵਾ।"

ਹਰ ਇਕ ਨੇ ਨਾਨਕ ਨੂੰ ਨਮਸਕਾਰ ਕੀਤੀ ਤੇ ਆਪੋ ਆਪਣੇ ਘਰਾਂ ਨੂੰ ਚਲਦੇ ਬਣੇ। ਹਰ ਕੋਈ ਘੁਸਰ ਮੁਸਰ ਕਰੇ ਕਿ ਮਹਿਤਾ ਕਾਲੂ ਦਾ ਪੁੱਤਰ ਤਾਂ ਕੋਈ ਸਾਧੂ ਫਕੀਰ ਹੈ। ਕੋਈ ਕਹੇ ਕਾਲੂ ਦੇ ਘਰ ਅਵਤਾਰ ਨੇ ਜਨਮ ਲਿਆ ਹੈ। ਕੋਈ ਕਹੇ ਕਾਲੂ ਭਾਗਾਂ ਵਾਲਾ ਹੈ। ਕੋਈ ਸ਼ਰੀਕ ਖੁਸ਼ ਹੋਵੇ ਕਿ ਕਾਲੂ ਦਾ ਘਰ ਬਰਬਾਦ ਹੋ ਗਿਆ।

---◆---

## "ਨਾਨਕ ਸਾਨੂੰ ਵੀ ਭਗਤੀ 'ਚ ਲਾ ਲੈ"– ਸਾਰਾ ਪ੍ਰਵਾਰ ਦੁਆਲੇ ਹੋ ਗਿਆ।

ਜਦੋ ਗੁਰੂ ਸਾਹਿਬ 22 ਕੁ ਸਾਲਾਂ ਦੇ ਸਨ ਤਾਂ ਇਕ ਦਿਨ ਘਰ ਦੇ ਜੀ ਜਿੰਨਾਂ ਵਿੱਚ ਮਾਤਾ ਪਿਤਾ ਆਂਢ ਗਵਾਂਢ ਦੇ ਭਾਈ ਭਤੀਜੇ ਗੁਰੂ ਸਾਹਿਬ ਦੇ ਦੁਆਲੇ ਹੋ ਗਏ। ਕਹਿਣ ਲਗੇ ਨਾਨਕ ਪਹਿਲਾਂ ਤੂੰ ਕਦੀ ਖੇਡਦਾ ਹੱਸਦਾ ਗਾਉਦਾ ਵੀ ਹੁੰਦਾ ਸੀ, ਹੁਣ ਤੂੰ ਬਿਲਕੁਲ ਚੁੱਪ ਜਿਹਾ ਰਹਿੰਨਾ ਵਾ। ਹੁਣ ਕੀ ਗੱਲ ਹੋ ਗਈ?

ਜਵਾਬ ਵਿੱਚ ਗੁਰੂ ਸਾਹਿਬ ਨੇ ਸ਼ਬਦ ਗਾਉਣਾ ਸ਼ੁਰੂ ਕਰ ਦਿੱਤਾ:

**ਪ੍ਰਭਾਤੀ ਮਹਲਾ ੧ ॥ ਗੀਤ ਨਾਦ ਹਰਖ ਚਤੁਰਾਈ ॥ ਰਹਸ ਰੰਗ ਫੁਰਮਾਇਸਿ ਕਾਈ ॥ ਪੈਨ੍ਣੁ ਖਾਣਾ ਚੀਤਿ ਨ ਪਾਈ ॥ ਸਾਚੁ ਸਹਜੁ ਸੁਖੁ ਨਾਮਿ ਵਸਾਈ ॥੧॥ ਕਿਆ ਜਾਨਾਂ ਕਿਆ ਕਰੈ ਕਰਾਵੈ ॥ ਨਾਮ ਬਿਨਾ ਤਨਿ ਕਿਛੁ ਨ ਸੁਖਾਵੈ ॥੧॥ ਰਹਾਉ ॥**

ਕਿ ਇਹ ਹਸਣਾ ਗਾਉਣਾ ਨਚਣਾ ਟਪਣਾ ਠੱਠਾ ਮਜਾਕ, ਹੁਕਮ ਫਰਮਾਇਸ਼ਾਂ, ਖਾਣਾ ਪੀਣਾ ਪਹਿਨਣਾ ਇਹ ਚਿੱਤ ਵਿੱਚ ਆਉਦਾ ਹੀ ਨਹੀ। ਕੋਈ ਸ਼ੌਕ ਹੀ ਨਹੀ ਰਿਹਾ। ਮੰਨ ਵਿੱਚ ਖੇੜਾ ਖੁਸ਼ੀ ਸਿਰਫ ਓਦੋਂ ਹੁੰਦੀ ਹੈ ਜਦੋਂ ਮੈਂ ਸੱਚ ਤੇ ਨਾਮ ਨਾਲ ਜੁੜਿਆ ਹੁੰਦਾ ਹਾਂ। ਪਤਾ ਨਹੀ ਨਿਰੰਕਾਰ ਮੈਂਨੂੰ ਕਿੱਧਰ ਲਿਜਾ ਰਿਹਾ ਵਾ, ਨਾਮ ਤੋਂ ਬਿਨਾਂ ਕੁਝ ਚੰਗਾ ਹੀ ਨਹੀ ਲਗਦਾ। ਨਿਰੰਕਾਰ ਨੂੰ ਯਾਦ ਕੀਤੇ ਬਿਨਾਂ ਮੈਂ ਜੀ ਹੀ ਨਹੀ ਸਕਦਾ।

**ਜੋਗ ਬਿਨੋਦ ਸ੍ਵਾਦ ਆਨੰਦਾ ॥ ਮਤਿ ਸਤ ਭਾਇ ਭਗਤਿ ਗੋਬਿੰਦਾ ॥ ਕੀਰਤਿ ਕਰਮ ਕਾਰ ਨਿਜ ਸੰਦਾ ॥ ਅੰਤਰਿ ਰਵਤੌ ਰਾਜ ਰਵਿੰਦਾ ॥੨॥ ਪ੍ਰਿਉ ਪ੍ਰਿਉ ਪ੍ਰੀਤਿ ਪ੍ਰੇਮਿ ਉਰ ਧਾਰੀ ॥ ਦੀਨਾ ਨਾਥੁ ਪੀਉ ਬਨਵਾਰੀ ॥ ਅਨਦਿਨੁ ਨਾਮੁ ਦਾਨੁ ਬ੍ਰਤਕਾਰੀ ॥ ਤ੍ਰਿਪਤਿ ਤਰੰਗ ਤਤੁ ਬੀਚਾਰੀ ॥੩॥**

ਭਾਈ ਮੇਰੀ ਕਾਰ ਵਿਹਾਰ ਤਾਂ ਨਿਰੰਕਾਰ ਦੀ ਕੀਰਤੀ ਕਰਨਾਂ ਹੈ, ਉਸਤਤ ਗਾਉਣਾ ਹੈ। ਇਸ ਤਰਾਂ ਮੈਂ ਪਰਮ ਅਨੰਦ ਅਵਸਥਾ ਵਿੱਚ ਰਹਿੰਦਾ ਹਾਂ।

ਫਿਰ ਪ੍ਰਵਾਰ 'ਚੋਂ ਕਿਸੇ ਕਿਹਾ ਕਿ ਮੰਨ ਲਓ ਅਸੀ ਵੀ ਸਾਰੇ ਕੰਮ ਕਾਰ ਛੱਡ ਕੇ ਭਗਤੀ ਵਿੱਚ ਲਗ ਜਾਈਏ ਤਾਂ ਘਰ ਦਾ ਕੀ ਬਣੇਗਾ? ਜੇ ਆਪਾਂ ਅੰਨ ਦਾਣੇ ਦਾ ਪ੍ਰਬੰਧ ਨਾਂ ਕਰੀਏ ਤਾਂ ਸਾਰੇ ਭੁੱਖੇ ਨਹੀ ਮਰਨਗੇ?

ਗੁਰੂ ਸਾਹਿਬ ਨੇ ਫਿਰ ਸ਼ਬਦ ਪੂਰਾ ਕੀਤਾ ਤੇ ਫਰਮਾਇਆ:

**ਅਕਥੌ ਕਥਉ ਕਿਆ ਮੈ ਜੋਰੁ ॥ ਭਗਤਿ ਕਰੀ ਕਰਾਇਹਿ ਮੋਰ ॥ ਅੰਤਰਿ ਵਸੈ ਚੂਕੈ ਮੈ ਮੋਰ ॥ ਕਿਸੁ ਸੇਵੀ ਦੂਜਾ ਨਹੀ ਹੋਰੁ ॥੪॥ ਗੁਰ ਕਾ ਸਬਦੁ ਮਹਾ ਰਸੁ ਮੀਠਾ ॥ ਐਸਾ ਅੰਮ੍ਰਿਤੁ ਅੰਤਰਿ ਡੀਠਾ ॥ ਜਿਨਿ ਚਾਖਿਆ ਪੂਰਾ ਪਦੁ ਹੋਇ ॥ ਨਾਨਕ ਧ੍ਰਾਪਿਓ ਤਨਿ ਸੁਖੁ ਹੋਇ ॥੫॥੧੪॥**

ਓਹ ਨਿਰੰਕਾਰ ਜਿਸ ਦਾ ਬਿਆਨ ਕਰਨਾਂ ਹੀ ਅਸੰਭਵ ਹੈ, ਤੁਸੀ ਕੀ ਸਮਝਦੇ ਹੋ ਕਿ ਮੈਂ ਆਪਣੀ ਮਰਜੀ ਨਾਲ ਉਹਦਾ ਜੱਸ ਕਰਦਾ ਰਹਿੰਨਾ ਵਾਂ? ਨਹੀ ਓਹ ਕਰਵਾਉਂਦਾ ਤੇ ਮੈਂ ਕਰਦਾ ਹਾਂ। ਇਹ ਕੰਮ ਤੁਸੀ ਆਪਣੇ ਤਾਣ ਆਪਣੇ ਜੋਰ ਨਾਲ ਨਹੀ ਕਰ ਸਕਦੇ। ਇਹ ਤਾਂ ਜਿਸ ਤੇ ਉਸ ਦੀ ਬਖਸ਼ਸ਼ ਹੋ ਜਾਵੇ ਉਹ ਹੀ ਕਰ ਸਕਦਾ ਹੈ। ਤੁਸੀ ਚਾਹੋ ਵੀ ਤਾਂ ਉਹ ਕੰਮ ਨਹੀ ਕਰ ਸਕਦੇ ਜਿਸ ਲਈ ਹੁਕਮ ਨਾਂ ਹੋਵੇ। ਨਿਰੰਕਾਰ ਦੀ ਉਸਤਤ ਅੰਮ੍ਰਿਤ ਨਿਆਈ ਹੈ। ਇਹ ਉਹ ਅੰਮ੍ਰਿਤ ਹੈ ਜਿਸ ਨੂੰ ਜੇ ਕਿਸੇ ਚੱਖ ਲਿਆਂ ਤਾਂ ਪਰਮ ਅਨੰਦ ਵਿੱਚ ਪਹੁੰਚ ਜਾਂਦਾ ਹੈ। ਇਹ ਹਰ ਕਿਸੇ ਦੇ ਭਾਗਾਂ ਵਿਚ ਨਹੀ ਹੈ।

---◆---

## ਬੇਬੇ ਨਾਨਕੀ ਨੇ ਬਾਬੇ ਨੂੰ ਗ੍ਰਿਸਤ ਬਾਬਤ ਸੁਚੇਤ ਕੀਤਾ

ਪਹਿਲਾਂ ਰਿਵਾਜ ਇਹ ਹੁੰਦਾ ਸੀ ਕਿ ਵਿਆਹ ਤੋਂ ਤੁਰੰਤ ਬਾਦ ਲਾੜੀ ਵਾਪਸ ਆਪਣੇ ਘਰ ਚਲੀ ਜਾਂਦੀ ਸੀ। ਵਾਪਸ ਜਦੋਂ ਸਹੁਰੇ ਲਿਆਂਦੀ ਜਾਦੀ ਸੀ ਤਾਂ ਉਸ ਨੂੰ ਮੁਕਲਾਵਾ ਕਿਹਾ ਜਾਂਦਾ ਸੀ। ਕਈ ਵਾਰੀ ਵਿਆਹ ਤੇ ਮੁਕਲਾਵੇ ਵਿੱਚ ਸਾਲਾਂ ਦਾ ਅਰਸਾ ਵੀ ਲੱਗ ਜਾਂਦਾ ਸੀ ਜਦੋਂ ਕਿਸੇ ਬਾਲੜੀ ਦਾ ਹੀ ਵਿਆਹ ਕਰ ਦਿੱਤਾ ਜਾਂਦਾ ਸੀ ਤਾਂ। ਅਸੀ ਹੁਣ ਤੱਕ ਹੁੰਦਾ ਆਪਣੇ ਸਾਹਮਣੇ ਵੇਖਿਆ

ਹੈ।

ਕਿਉਕਿ ਬਾਬਾ ਜੀ ਦਾ ਵਿਆਹ ਠੀਕ ਠਾਕ ਉਮਰੇ ਭਾਵ ਸਾਢੇ 18 ਸਾਲ ਵਿੱਚ ਹੋਇਆ ਸੀ। ਲੱਗਦੈ ਹੈ ਕਿ ਸਾਹਿਬ ਨੇ ਮੁਕਲਾਵਾ ਵੀ ਛੇਤੀ ਹੀ ਲੈ ਆਂਦਾ ਹੋਵੇਗਾ ਕਿਉਕਿ ਮਾਪਿਆ ਦੀ ਪੂਰੀ ਕੋਸ਼ਿਸ਼ ਸੀ ਕਿ ਨਾਨਕ ਨੂੰ ਕਿਸੇ ਤਰਾਂ ਗ੍ਰਿਸਤ ਵਿੱਚ ਜੂੜਿਆ ਜਾਵੇ। ਮੁਕਲਾਵਾ ਲੈ ਕੇ ਬਾਬਾ ਤਲਵੰਡੀ ਹੀ ਗਇਆ ਸੀ।

ਸਮਾਂ ਪਾ ਕੇ ਜਦੋਂ ਬਾਬੇ ਦੀ ਸੱਸ ਮਾਤਾ ਚੰਦੋ ਰਾਣੀ ਦਾ ਆਪਣੀ ਧੀ ਨਾਲ ਕਿਸੇ ਰਿਸਤੇਦਾਰੀ ਵਿਚ ਵਿਆਹ ਸ਼ਾਦੀ ਖੁਸ਼ੀ ਮੌਕੇ ਮੇਲ ਹੁੰਦਾ ਹੈ। ਧੀ ਨੇ ਮਾਂ ਕੋਲ ਬਾਬੇ ਨਾਨਕ ਦਾ ਸਾਰਾ ਸੁਭਾਅ ਖੋਲ ਕੇ ਰੱਖ ਦਿੱਤਾ। ਮਾਤਾ ਦੇ ਫਿਰ ਉੱਠੇ ਸੁਆਲਾਂ ਦੇ ਜਵਾਬ ਵਿੱਚ ਧੀ ਘੁੰਮੀ ਨੇ ਕਿਹਾ ਕਿ,

"ਨਹੀ ਉਹਦਾ ਕਿਸੇ ਦੂਸਰੀ ਜਨਾਨੀ ਨਾਲ ਕੋਈ ਚੱਕਰ ਵੱਕਰ ਨਹੀ ਹੈ। ਬਸ ਉਹਦੀ ਰੱਬ ਨਾਲ ਹੀ ਲਿਵ ਲੱਗੀ ਰਹਿੰਦੀ ਹੈ। ਹਾਂ ਉਹ ਮੈਨੂੰ ਬਸ ਇਨਾ ਕੁ ਪਿਆਰ ਦਿੰਦਾ ਹੈ, ਜਿੰਨਾ ਸਾਰਿਆਂ ਨੂੰ ਦਿੰਦਾ ਹੈ। ਕਦੀ ਮਾਰਦਾ ਕੁੱਟਦਾ ਨਹੀ। ਗੁੱਸੇ ਵੀ ਨਹੀ ਹੁੰਦਾ। ਮੇਰੇ ਨਾਲ ਉੱਚੇ ਉੱਚੇ ਗਿਆਨ ਧਿਆਨ ਦੀਆਂ ਗੱਲਾਂ ਕਰਦਾ ਹੈ। ਮਾਤਾ ਜੀ! ਪਤਾ ਨਹੀ ਇਹਦਾ ਕੀ ਸੁਭਾਅ ਆ। ਇੰਨੀ ਭੁੱਖ ਵੀ ਨਹੀ ਲੱਗਦੀ। ਥੱਕਦਾ ਵੀ ਨਹੀ। ਬਾਕੀ ਸਾਰੇ ਕੰਮ ਹੁੰਦੇ ਨੇ। ਮੇਰੇ ਨਾਲ ਬਹੁਤੀਆਂ ਗੱਲਾਂ, ਕੋਈ ਸਲਾਹ ਮਸ਼ਵਰਾ, ਕੋਈ ਘਰ ਦੀ, ਕੋਈ ਬਾਹਰ ਦੀ, ਕਦੀ ਕੋਈ ਗੱਲ ਬਾਤ ਹੀ ਨਹੀ ਦੱਸਦਾ। ਕਦੇ ਆਪਣੇ ਆਪ ਮੇਰੇ ਹੱਥ ਤੇ ਦਮੜੀ ਨਹੀ ਸੁ ਰੱਖੀ। ਬਸ ਮੈਂ ਆਪ ਹੀ ਇਸ ਕੋਲੋ ਪੈਸਾ ਧੇਲਾ ਖਿੱਚਦੀ ਹਾਂ। ਇਹਨੂੰ ਉਹ ਵੀ ਪ੍ਰਵਾਹ ਨਹੀ ਹੁੰਦੀ। ਇਹਦੀ ਵੱਟਕ ਵਿੱਚੋਂ ਮੈਂ ਜਿੰਨੇ ਮਰਜੀ ਪੈਸੇ ਕੱਢ ਲਵਾਂ ਕਦੀ ਨਹੀ ਪੁੱਛਦਾ। ਪਰ ਵੇਖ ਨਾਂ! ਮਨ ਹੁੱਸੜ ਜਿਹਾ ਜਾਂਦਾ। ਜਦੋਂ ਕਦੀ ਕੋਈ ਦੁੱਖ ਸੁੱਖ ਦੀ ਵਾਤ ਹੀ ਨਹੀ ਪੁੱਛਣੀ। "

ਗੱਲਾਂ ਬਾਤਾਂ ਸੁਣ ਕੇ ਚੰਦੋ ਰਾਣੀ ਨੂੰ ਜਵਾਈ ਤੇ ਗੁੱਸਾ ਆਉਦਾ। ਬਟਾਲੇ ਜਦੋਂ ਗੱਲ ਚਲਦੀ ਸੀ ਤਾਂ ਪਤੀ ਮੂਲ ਚੰਦ ਚੋਣਾ ਦਸਦਾ ਸੀ ਕਿ ਜੈਰਾਮ ਪਲਤਾ ਨਵਾਬ ਦਾ ਵੱਡਾ ਅਹਿਲਕਾਰ ਹੈ। ਨਵਾਬ ਨੂੰ ਤਾਂ ਕੁਝ ਪਤਾ ਹੀ ਨਹੀ ਹੁੰਦਾ। ਹਕੂਮਤ ਤਾਂ ਇਹੋ ਲੋਕ ਕਰਦੇ ਨੇ। ਨਵਾਬ ਤਾਂ ਬਸ ਹਥਿਆਰ ਵਰਤਣੇ ਤੇ ਘੋੜ ਸਵਾਰੀ ਤੇ ਮਗਨ ਰਹਿੰਦਾ।

ਜਵਾਈ ਤੇ ਅੱਗ ਬਬੂਲਾ ਹੋਈ ਚੰਦੋ ਰਾਣੀ ਬੋਲੀ, "ਮੈਂ ਹੁਣੇ ਖਬਰ ਲੈਨੀ ਆ ਵਿੱਚੋਲੇ ਦੀ। ਭਾਵੇ ਹੋਵੇ ਕੋਈ ਸਦਰ ਤੇ ਭਾਵੇ ਮੀਰ ਬਖਸ਼ੀ ਭਾਵੇ ਮਾਲ ਗੁਜਾਰ। ਮੈਂ ਨੀ ਕਿਸੇ ਤੋਂ ਡਰਦੀ। "

ਓਸੇ ਤਲਖੀ ਵਿੱਚ ਗੁਰੂ ਜੀ ਦੀ ਸੱਸ ਜਾ ਭਾਈਆ ਜੈਰਾਮ ਅਤੇ ਬੇਬੇ ਜੀ ਨਾਲ ਗਲ ਕਰਦੀ ਹੈ। ਬੇਬੇ ਜੀ ਨੇ ਜਿਵੇ ਰਾਮ ਰਾਮ ਕਹੀ, ਚੰਦੋ ਰਾਂਣੀ ਭੜਕ ਉਠੀ, "ਕਾਹਦੀ ਰਾਮ ਰਾਮ। ਇਹੋ ਹਕੂਮਤਾਂ ਕਰਦੇ ਹੋ? ਅਗਲਿਆਂ ਦੀਆਂ ਧੀਆਂ ਵਿਆਹ ਕੇ ਗਾਲਦੇ ਹੋ। ਸੌ ਸਰਫਿਆਂ ਦੀ ਸਾਡੀ ਧੀ ਤੁਸੀ ਰੋਲਣ ਡਹੇ ਹੋਏ ਹੋ। ਤੁਹਾਨੂੰ ਡਰ ਨਹੀ ਰੱਬ ਦਾ?"

ਬੇਬੇ ਜੀ ਨੇ ਮਾਤਾ ਨੂੰ ਕੇ ਸ਼ਾਂਤ ਕੀਤਾ। ਸਾਰੀ ਸ਼ਕਾਇਤ ਸੁਣੀ। ਬੇਬੇ ਜੀ ਨੇ ਪੁਛਿਆ, "ਮਾਸੀ ਜੀ ਕੀ ਸਾਡੀ ਭਾਬੀ ਭੁੱਖੀ, ਤਿਹਾਈ ਸਾਉਦੀ ਹੈ? ਕੀ ਉਨੂੰ ਕਪੜੇ ਲੱਤੇ ਦੀ ਕਦੀ ਤੋਟ ਆਉਦੀ ਹੈ?" ਮਾਸੀ ਕੋਲ ਜਵਾਬ ਨਹੀ ਸੀ। ਮਾਤਾ ਬੋਲੀ, "ਵੇਖੋ ਨਾਂ ਬੀਬੀ ਜੀ ਇਹ ਗੱਲ ਤਾਂ ਠੀਕ ਹੈ। ਬੰਦੇ ਜਨਾਨੀ ਦਾ ਇੱਕ ਪੜ੍ਹਦਾ ਹੁੰਦਾ ਹੈ। ਨਾਨਕ ਦਾ ਫਰਜ ਨਹੀ ਬਣਦਾ ਕਿ ਸਾਰੀ ਸਲਾਹ ਮਸ਼ਵਰਾ ਘੁੰਮੀ ਨਾਲ ਆ ਕੇ ਕਰਿਆ ਕਰੇ। ਸੌ ਦੁੱਖ ਸੁੱਖ ਹੁੰਦੈ। ਉਹ ਬਹਿੰਦਾ ਹੀ ਪੀਰਾਂ ਫਕੀਰਾਂ ਸਾਧੂਆਂ ਸੰਤਾਂ ਦੇ ਡੇਰੇ। ਜੇ ਇਹ ਸਾਧਾਂ ਨਾਲ ਹੀ ਰਹਿਣਾ ਸੀ ਤਾਂ ਵਿਆਹ ਕਿਓ ਕਰਾਇਆਂ ਸੂ?"

ਬੇਬੇ ਜੀ ਨੇ ਕਿਹਾ, "ਮਾਸੀ ਜੀ, ਇਹ ਵੀ ਸੁਲੱਖਣੀ ਦੀ ਸ਼ਕਾਇਤ ਨਜਾਇਜ ਹੈ। ਨਾਨਕ ਕਦੀ ਬਾਹਰ ਨਹੀ ਸੌਂਦਾ। ਮਾਸੀ ਤੈਨੂੰ ਤਾਂ ਪਤਾ ਹੀ ਹੈ ਆਹ ਸੁਦਾਗਰ ਜਾਂ ਵਣਜਾਰੇ ਕਦੀ ਕਦੀ ਸਾਲ ਸਾਲ ਨਹੀ ਘਰ ਆਉਦੇ। ਉਨਾਂ ਦੀਆਂ ਤ੍ਰੀਮਤਾਂ ਵੀ ਤਾਂ ਬਰਦਾਸ਼ਤ ਕਰਦੀਆਂ ਨੇ। ਨਾਨਕ ਤਾਂ ਰੋਜ ਘਰ ਹੁੰਦੈ। ਮਾਸੀ ਤੈਨੂੰ ਨਹੀ ਪਤਾ ਨਾਨਕ ਪ੍ਰਮੇਸ਼ਰ ਸਰੂਪ ਹੈ। ਅਸੀ ਤਾਂ ਸਭ ਉਸਤੋਂ ਡਰਦੇ ਹਾਂ। ਅਸੀ ਤਾਂ ਕੀ, ਰਾਇ ਬੁਲਾਰ ਸਾਬ ਵੀ ਉਸਦਾ ਅਹਿਤਰਾਮ ਕਰਦੇ ਨੇ। ਉਹਦੇ ਮੂੰਹੋ ਸਹਿਜ ਸੁਭਾਅ ਨਿਕਲੀ ਗੱਲ ਸੱਚੀ ਹੁੰਦੀ ਹੈ। ਕੀ ਤੈਨੂੰ ਸੁਲੱਖਣੀ ਨੇ ਦੱਸਿਆ ਨਹੀ? ਫਿਰ ਵੀ ਮੈਂ ਵੀਰ ਨੂੰ ਅਰਜੋਈ ਕਰਾਂਗੀ ਕਿ ਗ੍ਰਿਸਤ 'ਚੋਂ ਸ਼ਕਾਇਤ ਨਹੀ ਆਉਣੀ ਚਾਹੀਦੀ। "

ਚੰਦ ਜਿਹੀ ਸ਼ਾਂਤ ਬੇਬੇ ਨਾਨਕੀ ਦੇ ਮੇਲ ਨਾਲ ਚੰਦੋ ਰਾਣੀ ਦਾ ਹਿਰਦਾ ਸੀਤਲ ਜਲ ਵਾਗੂ ਸ਼ਾਂਤ ਹੋ ਗਿਆ। ਕਹਿਣ ਲੱਗੀ ਮੈਂ ਵੀ ਘੁੰਮੀ ਨੂੰ ਸਮਝਾ ਕੇ ਜਾਵਾਂਗੀ।

ਮੌਕਾ ਵੇਖ ਬੇਬੇ ਜੀ ਨੇ ਗੁਰੂ ਸਾਹਿਬ ਨੂੰ ਕਾਬੂ ਕਰ ਲਿਆ ਤੇ ਸਾਰਾ ਦੱਸਿਆ ਕਿ ਤੇਰੀ ਸ਼ਕਾਇਤ ਆਈ ਹੈ। ਬੇਬੇ ਜੀ ਨੇ ਕਿਹਾ ਕਿ ਇੱਕ ਪਾਸੇ ਤੁਸੀ ਗ੍ਰਿਸਤ ਧਰਮ ਦੀ ਸਿਫਤਾਂ ਕਰਦੇ ਹੋ, ਵਕਾਲਤ ਕਰਦੇ ਹੋ ਤੇ ਇਹ ਕਿਓ ਹੋਇਆ ਹੈ? ਬਾਬਾ ਜੀ ਨੇ ਬੇਬੇ ਜੀ ਨੂੰ ਭਰੋਸਾ ਦਿਵਾਇਆ ਕਿ ਮੈਂ ਘੁੰਮੀ ਨੂੰ ਸਮਝਾ ਲਵਾਂਗਾ ਤੇ ਉਹਦੀ ਸ਼ਕਾਇਤ ਦੂਰ ਕਰਾਂਗਾ।

ਗੁਰੂ ਸਾਹਿਬ ਨੇ ਫਿਰ ਮਾਤਾ ਸੁਲੱਖਣੀ ਤੇ ਵੀ ਕਿਰਪਾ ਦ੍ਰਿਸ਼ਟੀ ਕਰਕੇ ਉਨੂੰ ਵੀ ਹੁਕਮ ਦਾ ਗਿਆਨ ਕਰਵਾ ਦਿੱਤਾ। ਮਾਤਾ ਨੇ ਰਜਾ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ। ਉਸ ਨੂੰ ਵੀ ਅਹਿਸਾਸ ਹੋ ਗਇਆ ਕਿ ਉਹ ਭਾਗਾਂ ਵਾਲੀ ਹੈ ਉਹਦਾ ਪਤੀ ਨਿਰੰਕਾਰ ਨਾਲ ਇੱਕ ਮਿਕ ਹੈ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਮਾਤਾ ਤੇ ਬਖਸ਼ਸ਼ ਕੀਤੀ ਕਿ ਸਿਰਫ ਤੂੰ ਹੀ ਨਹੀ ਤੇਰੀਆਂ ਆਉਣ ਵਾਲੀਆਂ ਪੀੜੀਆਂ ਨੂੰ ਵੀ ਮਾਇਆ ਦੀ ਕਦੀ ਤੋਟ ਨਹੀ ਆਵੇਗੀ। ਇਹੋ ਕਾਰਨ ਹੈ ਗੁਰੂ ਨਾਨਕ ਨੂੰ ਮੰਨਣ ਵਾਲਾ ਹਰ ਬੇਦੀ ਅੱਜ ਮਾਲਾ ਮਾਲ ਹੈ। ਅੱਗੇ ਫਿਰ ਅਸੀ ਦੇਖਦੇ ਹਾਂ ਕਿ ਮਾਤਾ ਸੁਲੱਖਣੀ ਗੁਰੂ ਸਾਹਿਬ ਨਾਲ ਸੁਲਤਾਨਪੁਰ ਲੋਧੀ ਚਲੇ ਜਾਂਦੇ ਹਨ। ਬਾਬਾ ਸ੍ਰੀ ਚੰਦ (ਜਨਮ ਅਗਸਤ 1494 ਈ.) ਤੇ ਬਾਬਾ ਲਖਮੀ ਚੰਦ (ਮਾਰਚ 1497) ਦਾ ਜਨਮ ਹੁੰਦਾ ਹੈ। ਉਪਰੰਤ ਗੁਰੂ ਸਾਹਿਬ ਸੁਲਤਾਨਪੁਰ ਵਾਲਾ ਮੋਦੀਖਾਨਾ ਤਿਆਗ ਕੇ ਉਦਾਸੀ ਤੇ

ਨਿਕਲਦੇ ਹਨ ਤੇ ਮਾਤਾ ਸੁਲੱਖਣੀ ਅਤੇ ਬੱਚਿਆਂ ਸਹੁਰਾ ਮੂਲ ਚੰਦ ਚੋਣਾ ਪੱਖੋਕੇ ਲੈ ਜਾਂਦਾ ਹੈ। ਵਕਤ ਪਾ ਕੇ ਗੁਰੂ ਸਾਹਿਬ ਵੀ ਸਹੁਰਿਆਂ ਦੇ ਕੋਲ ਕਰਤਾਰਪੁਰ ਆ ਵੱਸਦੇ ਨੇ ਤੇ ਮਾਤਾ ਸੁਲੱਖਣੀ ਅਤੇ ਬਾਕੀ ਪ੍ਰਵਾਰ ਵੀ ਇਕੱਠਾ ਹੋ ਜਾਂਦਾ ਹੈ। ਬਾਬਾ ਸ੍ਰੀ ਚੰਦ ਹਿੰਦੂ ਰੀਤ ਅਨੁਸਾਰ ਸੰਨਿਆਸ ਲੈ ਲੈਂਦੇ ਹਨ ਤੇ 12 ਸਾਲ ਪੂਰੇ ਹੋਣ ਤੇ ਉਹ ਵੀ ਕਰਤਾਰਪੁਰ ਆ ਜਾਂਦੇ ਹਨ।

----◈-----

## "ਵੱਡੀ ਰਾਤ ਹੋ ਗਈ ਨਾਨਕਾ, ਹੁਣ ਤੇ ਸੌਂ ਜਾ" ਮਾਤਾ ਤ੍ਰਿਪਤਾ ਬੋਲੀ

ਇਹ ਗੱਲ ਓਦੋਂ ਦੀ ਹੈ ਜਦੋਂ ਗੁਰੂ ਨਾਨਕ 25-26 ਸਾਲ ਦੇ ਹੋ ਚੁੱਕੇ ਸਨ। ਚੁਮਾਸੇ ਦੇ ਦਿਨ ਸਨ। ਸਾਉਣ ਭਾਦਰੋਂ ਦਾ ਮਹੀਨਾ ਸੀ। ਅੱਧੀ ਰਾਤ ਹੋ ਚੁੱਕੀ ਸੀ। ਮਾਤਾ ਤ੍ਰਿੱਪਤਾ ਦੀ ਅੱਖ ਖੁੱਲੀ ਤਾਂ ਕੀ ਸੁਣਦੀ ਹੈ, ਨਾਨਕ ਨੇ ਰਾਗ ਛੇੜ ਰਖਿਆ ਸੀ ਤੇ ਲਗਾ ਸੀ ਨਿਰੰਕਾਰ ਦੀ ਉਸਤਤ ਵਿੱਚ ਸਬਦ ਗਾਉਣ।

ਮਾਤਾ ਨੇ ਕਿਹਾ ਕਿ ਨਾਨਕ ਪੁੱਤ੍ਰ ਜੀ ਰਾਤ ਵੱਡੀ ਹੋ ਗਈ ਹੈ ਹੁਣ ਸੌਂ ਜਾਓ। ਅੱਗੋ ਨਾਨਕ ਬੋਲਿਆ, "ਮਾਤਾ ਮੈਂ ਕਿਵੇ ਸੌਂ ਜਾਵਾਂ ਜਦੋਂ ਮੇਰਾ ਸ਼ਰੀਕ ਜਾਗਣ ਡਿਹਾ ਹੋਇਆ ਵਾ।"

ਮਾਤਾ ਬੋਲੀ, "ਵੇ ਤੇਰਾ ਕਿਹੜਾ ਸ਼ਰੀਕ ਜਾਗਦਾ ਪਿਐ? ਮੈਂਨੂੰ ਤਾਂ ਕੋਈ ਵਾਜ ਨਹੀ ਆ ਰਹੀ।"

ਹੱਸ ਕੇ ਨਾਨਕ ਬੋਲਿਆ, "ਮਾਤਾ ਜੀ ਤੁਸੀ ਸੁਣ ਨਹੀ ਰਹੇ ਓਹ ਬਬੀਹੇ ਨੇ ਕਿਵੇਂ ਪਿਓਂ ਪ੍ਰਿਓ ਦੀ ਰੱਟ ਲਾਈ ਹੋਈ ਏ?"

"ਹਾਏ ਹਾਏ ਵੇ ਨਾਨਕਾ! ਤੇਰਾ ਬਬੀਹੇ ਪੰਛੀ ਨਾਲ ਕੀ ਸ਼ਰੀਕਾ?" ਮਾਤਾ ਬੋਲੀ।

"ਪ੍ਰਿਅ ਸਿਉ ਪ੍ਰੀਤਿ ਨ ਉਲਟੈ ਕਬਹੂ ਜੋ ਤੈ ਭਾਵੈ ਸਾਈ ॥"

"ਵੇਖ ਮਾਤਾ ਜੀ ਬਬੀਹੇ ਨੂੰ ਪਾਣੀ ਦੀ ਪਿਆਸ ਹੈ ਮੈਨੂੰ ਮੇਰੇ ਨਿਰੰਕਾਰ ਦੇ ਦਰਸ਼ਨਾਂ ਦੀ ਪਿਆਸ ਹੈ।"

ਮਾਤਾ ਕਹਿੰਦੀ, "ਨਾਨਕਾ ਏਹ ਬਬੀਹੇ ਨੂੰ ਜਦੋਂ ਪਾਣੀ ਮਿਲ ਗਇਆ ਇਨੇ ਸੌਂ ਜਾਣਾ ਪਰ ਤੇਰੀ ਪਿਆਸ ਕਦੀ ਮਿਟਦੀ ਹੀ ਨਹੀ?"


ਪਪੀਹਾ ਪੰਛੀ

ਸਾਹਿਬ ਬੋਲੇ, "ਦੇਖ ਮਾਤਾ ਜੀ! ਨਿਰੰਕਾਰ ਨਾਲ ਪ੍ਰੀਤ ਓਦੋਂ ਬਣ ਆਉਂਦੀ ਹੈ ਜਦੋਂ ਸਾਡੀ ਹਉਮੇ ਮੁੱਕੀ ਹੁੰਦੀ ਹੈ। ਤ੍ਰਿਸ਼ਨਾ ਘੱਟ ਚੁੱਕੀ ਹੁੰਦੀ ਹੈ। ਫਿਰ ਇਹ ਜਿਓ ਜਿਓ ਪ੍ਰੀਤ ਬਣਦੀ ਹੈ ਤਾਂ ਮੰਨ ਹੋਰ ਅਨੰਦ 'ਚ ਹੋਈ ਜਾਂਦਾ ਹੈ।"

ਮਾਤਾ ਕਹਿੰਦੀ, "ਨਹੀ। ਗਲਤ ਗੱਲ ਆ। ਸਮੇਂ ਬਾਦ ਬੰਦੇ ਨੂੰ ਭੁੱਖ ਨੀਂਦ ਸਤਾਉਦੀ ਹੈ। ਕਹਿੰਦੇ ਇਹ ਤਾਂ ਸੂਲੀ ਤੇ ਵੀ ਆ ਜਾਂਦੀਆਂ ਨੇ।"

ਸਾਹਿਬ ਨੇ ਫਰਮਾਇਆ "ਨਹੀ। ਮੈਨੂੰ ਜੰਗਲਾਂ ਬੀਆ ਬਾਨਾਂ ਵਿੱਚ ਵੀ ਨੀਂਦ ਭੁੱਖ ਨਹੀ ਸਤਾਉਂਦੀ। ਬਸ ਮੈਨੂੰ ਨਾਮ ਦਾ ਰਸ ਮਿਲਦਾ ਰਹੇ।"

ਸਾਹਿਬ ਨੇ ਹਉਮੇ, ਤ੍ਰਿਸ਼ਨਾ ਤੇ ਨਾਮ ਵਾਲੀ ਸਾਰੀ ਗੱਲ ਦੱਸੀ। ਮਾਤਾ ਨੇ ਅਸੀਸ ਦਿੱਤੀ ਕਿ ਭਗਵਾਨ ਕਰੇ ਤੇਰੀ ਪ੍ਰੀਤ ਤੇਰੇ ਪਿਆਰੇ ਨਾਲ ਨਿੱਭ ਆਵੇ। ਸਲਾਮਤ ਰਹੇ। ਗੁਰੂ ਸਾਹਿਬ ਫਿਰ ਆਪਣੇ ਰਾਗ ਵਿੱਚ ਮਗਨ ਹੋ ਗਏ:-

ਮਲਾਰ ਮਹਲਾ ੧ ॥ ਚਾਤ੍ਰਿਕ ਮੀਨ ਜਲ ਹੀ ਤੇ ਸੁਖੁ ਪਾਵਹਿ ਸਾਰਿੰਗ ਸਬਦਿ ਸੁਹਾਈ ॥੧॥ ਰੈਨਿ ਬਬੀਹਾ ਬੋਲਿਓ ਮੇਰੀ ਮਾਈ ॥੧॥ ਰਹਾਉ ॥ ਪ੍ਰਿਅ ਸਿਉ ਪ੍ਰੀਤਿ ਨ ਉਲਟੈ ਕਬਹੂ ਜੋ ਤੈ ਭਾਵੈ ਸਾਈ ॥੨॥ ਨੀਦ ਗਈ ਹਉਮੈ ਤਨਿ ਥਾਕੀ ਸਚ ਮਤਿ ਰਿਦੈ ਸਮਾਈ ॥੩॥ ਰੂਖੀ ਬਿਰਖੀ ਊਡਉ ਭੂਖਾ ਪੀਵਾ ਨਾਮੁ ਸੁਭਾਈ ॥੪॥ ਲੋਚਨ ਤਾਰ ਲਲਤਾ ਬਿਲਲਾਤੀ ਦਰਸਨ ਪਿਆਸ ਰਜਾਈ ॥੫॥ ਪ੍ਰਿਅ ਬਿਨੁ ਸੀਗਾਰੁ ਕਰੀ ਤੇਤਾ ਤਨੁ ਤਾਪੈ ਕਾਪਰੁ ਅੰਗਿ ਨ ਸੁਹਾਈ ॥੬॥ ਅਪਨੇ ਪਿਆਰੇ ਬਿਨੁ ਇਕੁ ਖਿਨੁ ਰਹਿ ਨ ਸਕਂਉ ਬਿਨ ਮਿਲੇ ਨੀਂਦ ਨ ਪਾਈ ॥੭॥ ਪਿਰੁ ਨਜੀਕਿ ਨ ਬੂਝੈ ਬਪੁੜੀ ਸਤਿਗੁਰਿ ਦੀਆ ਦਿਖਾਈ ॥੮॥ ਸਹਜਿ ਮਿਲਿਆ ਤਬ ਹੀ ਸੁਖੁ ਪਾਇਆ ਤ੍ਰਿਸਨਾ ਸਬਦਿ ਬੁਝਾਈ ॥੯॥ ਕਹੁ ਨਾਨਕ ਤੁਝ ਤੇ ਮਨੁ ਮਾਨਿਆ ਕੀਮਤਿ ਕਹਨੁ ਨ ਜਾਈ ੧੦॥੩॥

----◈-----

## ਮਾਤਾ ਤ੍ਰਿਪਤਾ ਦੀ ਚਿੰਤਾ ਕਿ ਨਾਨਕ ਮੈਨੂੰ ਛੱਡ ਇੱਕ ਦਿਨ ਜੰਗਲੀਂ ਚਲਾ ਜਾਏਗਾ

ਇਕ ਦਿਨ ਇਕ ਜੋਗੀ ਮਾਂ ਤ੍ਰਿਪਤਾ ਦੇ ਘਰ ਮੰਗਣ ਆਇਆ। ਮਾਂ ਨੇ ਕੋਲ ਬਿਠਾ ਲਿਆ। ਪੁੱਛਿਆ ਸੂ ਕਿ ਕਿੰਨਾ ਚਿਰ ਹੋਇਆ ਘਰੋਂ ਨਿਕਲੇ ਨੂੰ? ਜੋਗੀ ਕਹਿਣ ਲਗਾ ਕੇ 11 ਸਾਲ ਹੋ ਗਏ ਨੇ। ਜੋਗੀ ਨੇ ਦੱਸਿਆ ਕਿ ਮਰਿਆਦਾ ਮੁਤਾਬਿਕ ਮੈਂ 12 ਸਾਲ ਤੋਂ ਪਹਿਲਾਂ ਆਪਣੇ ਇਲਾਕੇ ਵਿੱਚ ਨਹੀ ਜਾ ਸਕਦਾ। ਮਾਂ ਪਿਓ ਨੂੰ ਵੀ ਦੁਬਾਰਾ ਨਹੀ ਮਿਲਿਆ। ਇਹ ਸੁਣ ਮਾਤਾ ਤ੍ਰਿਪਤਾ ਨੂੰ ਚਿੰਤਾ ਨੇ ਆ ਘੇਰਿਆ ਕਿ ਮੇਰਾ ਨਾਨਕ ਵੀ ਇਕ ਦਿਨ ਮੈਨੂੰ ਛੱਡ ਜਾਵੇਗਾ। ਉਹਦੇ ਸਾਰੇ ਲੱਛਣ ਸਾਧ ਬਣਨ ਦੇ ਨੇ। ਯਾਦ ਰਹੇ ਉਹਨਾਂ ਜਮਾਨਿਆਂ ਵਿਚ ਸਾਧਾਂ ਦੀ ਗਿਣਤੀ ਬਹੁਤ ਹੁੰਦੀ ਸੀ। ਅਕਸਰ ਹੀ ਜਵਾਨ ਮੁੰਡੇ ਸੰਨਿਆਸ ਧਾਰਨ ਕਰ ਲੈਂਦੇ ਸਨ।

ਸ਼ਾਮੀ ਜਦੋਂ ਫਿਰ ਨਾਨਕ ਘਰ ਆਇਆ ਤਾਂ ਮਾਂ ਨੇ ਘੁੱਟ ਕੇ ਜੱਫੀ ਵਿੱਚ ਲੈ ਲਿਆ। ਖੂਬ ਵੈਰਾਗ ਕੀਤਾ। ਗੁਰੂ ਸਾਹਿਬ ਨੇ ਪੁੱਛਿਆ ਕਿ ਮਾਤਾ ਕੀ ਗੱਲ ਹੈ ਅੱਜ ਏਨਾ ਵੈਰਾਗ ਕਿਓ?

ਮਾਤਾ ਨੇ ਸਾਰੀ ਗੱਲ ਦੱਸੀ ਕਿ ਇਕ ਜੋਗੀ ਆਇਆ ਸੀ ਤੇ ਮੇਰਾ ਮੰਨ ਸਹਿਮ ਗਇਆ ਕਿ ਕਿਤੇ ਮੇਰਾ ਨਾਨਕ ਵੀ ਮੈਨੂੰ ਛੱਡ ਜੰਗਲਾਂ ਬੇਲਿਆਂ ਵਿੱਚ ਨਾਂ ਚਲਾ ਜਾਏ। ਗੁਰੂ ਸਾਹਿਬ ਨੇ ਮਾਤਾ ਨੂੰ ਦਿਲਾਸਾ ਦਿੱਤਾ ਤੇ ਕਿਹਾ ਕਿ ਮੈਂ ਕਿਨੂੰ ਜੰਗਲਾਂ ਉਦਿਆਨਾਂ ਵਿੱਚ ਲਭਣਾ ਹੈ ? ਮੇਰਾ ਨਿਰੰਕਾਰ ਤਾਂ ਮੇਰੇ ਅੰਗ ਸੰਗ ਹੈ।

ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ ॥ ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ ॥੧॥

ਓ ਮੇਰੀ ਪਿਆਰੀ ਮਾਤਾ ਤੇਰੇ ਪੁੱਤ ਨੂੰ ਬਾਹਰ ਜੰਗਲ ਬੇਲੇ 68 ਤੀਰਥਾਂ ਤੇ ਜਾਣ ਦੀ ਜਰੂਰਤ ਨਹੀ। ਮੇਰਾ ਤੀਰਥ ਤਾਂ ਮੇਰਾ ਇਹ ਘਰ ਮੇਰਾ ਸਰੀਰ ਹੀ ਹੈ। ਮੈਨੂੰ ਮਾਲਕ ਨੇ ਸਿਫਤ ਸਲਾਹ (ਨਾਮ) ਬਖਸ਼ ਦਿੱਤੀ ਹੈ ਤੇ ਜਨਮ ਮਰਨ ਤੋਂ ਰਹਿਤ ਹੋ ਚੁੱਕਾਂ ਹਾਂ। ਇਸ

ਪ੍ਰਕਾਰ ਸਾਰੀ ਗੱਲ ਮਾਤਾ ਨੂੰ ਸਮਝਾਈ ਕਿ ਜੇ ਨਿਰੰਕਾਰ ਅਕਾਲ ਪੁਰਖ ਨੇ ਚਾਹਿਆ ਤਾਂ ਮੈਂ ਥਾਂ ਥਾਂ ਜਾ ਕੇ ਨਾਮ ਦਾ ਪ੍ਰਚਾਰ ਵੀ ਕਰਾਂਗਾ। ਪਰ ਤੂੰ ਨਿਸਚਿੰਤ ਰਹੁ ਮੈਂ ਆਪਣਾ ਸਰੀਰ ਕੋਹਣ ਵਾਲਾ ਨਹੀ। ਮਾਤਾ ਜੀ ਫਿਰ ਵੀ ਬਹੁਤ ਵੈਰਾਗ ਕਰੇ। ਉਨਾਂ ਸੰਨਿਆਸੀਆਂ ਲਈ ਜਿਹੜੇ ਸਾਲਾਂ ਬੱਧੀ ਸਰੀਰ ਨੂੰ ਕੋਹਦੇ ਰਹਿੰਦੇ ਨੇ। ਸਾਹਿਬ ਨੇ ਮਾਂ ਨੂੰ ਫਿਰ ਟੋਕਿਆ ਕਿ ਨਹੀ ਇਹ ਨਿਰੰਕਾਰ ਦਾ ਖੇਲ ਚਲ ਰਿਹਾ ਹੈ। ਤੁਸੀ ਚਿੰਤਾ ਨਾਂ ਕਰੋ। ਨਿਰੰਕਾਰ ਨੂੰ ਹਰ ਜੀਅ ਦਾ ਫਿਕਰ ਹੈ। ਓਹ ਭਾਣੇ ਦਾ ਸਾਹਿਬ ਹੈ ਕਿਸੇ ਨੂੰ ਵੱਧ ਕਿਸੇ ਨੂੰ ਘੱਟ ਦੇ ਰਿਹਾ ਹੈ। ਕਈਆਂ ਨੂੰ ਇਸ ਜਨਮ ਵਿੱਚ ਦੁੱਖ ਤਕਲੀਫਾਂ ਕਸ਼ਟ ਮਿਲਦੇ ਨੇ ਜਿਵੇ ਤੁਸਾਂ ਜੋਗੀ ਕਲੰਦਰਾਂ ਦੀ ਗੱਲ ਕੀਤੀ ਹੈ। ਇਹੋ ਲੋਕ ਅਗਲੇ ਜਨਮ ਵਿੱਚ ਰਾਜੇ ਮਹਾਰਾਜੇ ਸ਼ਾਹੂਕਾਰ ਬਣਦੇ ਨੇ। ਤੇ ਫਿਰ ਅਗਲੀ ਵਾਰ ਕਸ਼ਟ ਭੋਗਦੇ ਨੇ। ਇਹ ਖੇਲ ਕਰਤੇ ਦਾ ਚਲਦਾ ਰਹਿੰਦਾ ਹੈ।

ਵੈਰਾਗ ਵਿੱਚ ਬਸ ਇਹ ਕਹਿੰਦਿਆਂ ਬਿਲਾਵਲ ਸੁਰ ਵਿੱਚ ਰਾਗ ਛੇੜ ਦਿੱਤਾ:-

ਬਿਲਾਵਲੁ ਮਹਲਾ ੧ ॥ ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ ॥ ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ ॥੧॥ ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ ॥ ਕਉਣੁ ਜਾਣੈ ਪੀਰ ਪਰਾਈ ॥ ਹਮ ਨਾਹੀ ਚਿੰਤ ਪਰਾਈ ॥੧॥ ਰਹਾਉ ॥ ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ ॥ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਘਟਿ ਘਟਿ ਜੋਤਿ ਤੁਮ੍ਾਰੀ ॥੨॥ ਸਿਖ ਮਤਿ ਸਭ ਬੁਧਿ ਤੁਮ੍ਾਰੀ ਮੰਦਿਰ ਛਾਵਾ ਤੇਰੇ ॥ ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ ॥੩॥ ਜੀਅ ਜੰਤ ਸਭਿ ਸਰਣਿ ਤੁਮ੍ਾਰੀ ਸਰਬ ਚਿੰਤ ਤੁਧੁ ਪਾਸੇ ॥ ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ ॥੪॥

----◈------

## ਜਦੋਂ ਬਾਬੇ ਦੀ ਵਿਆਹ ਵਾਲੀ ਛਾਪ ਤੇ ਗੜ੍ਹਵੀ ਇਕ ਸਾਧੂ ਲੈ ਕੇ ਤੁਰਦਾ ਬਣਿਆ

ਇਕ ਦਿਨ ਸਵੇਰੇ ਸਵੇਰੇ ਜਦ ਗੁਰੂ ਨਾਨਕ ਜੰਗਲ ਪਾਣੀ ਨੂੰ ਗਏ ਤਾਂ ਵਾਪਸੀ ਤੇ ਪਿੰਡ ਦੇ ਛੱਪੜ ਲਾਗੇ ਉਨਾਂ ਨੂੰ ਇਕ ਸੰਨਿਆਸੀ ਸਾਧੂ ਨਜਰ ਆਇਆ। ਗੁਰੂ ਸਾਹਿਬ ਕੋਲ ਗਏ ਤੇ ਨਮਸਕਾਰ ਕੀਤੀ।

ਸਾਧੂ ਅੱਗੋ ਬੋਲਿਆ ਦੱਸੋ ਪੁੱਤ੍ਰ ਜੀ ਕਿਵੇ ਆਉਣਾ ਹੋਇਆ?

ਗੁਰੂ ਸਾਹਿਬ ਨੇ ਕਿਹਾ ਕਿ ਤੁਹਾਡੇ ਦਰਸ਼ਨ ਕਰਨ ਆਇਆ ਹਾਂ ਕੋਈ ਪ੍ਰਮੇਸ਼ਰ ਦੀ ਗੱਲ ਸੁਣਨ ਆਇਆ ਹਾਂ।

ਇਸ ਉਪਰੰਤ ਉਸ ਅਤੀਤ ਤੇ ਗੁਰੂ ਸਾਹਿਬ ਦੀਆਂ ਨਿਰੰਕਾਰ ਬਾਰੇ ਬਹੁਤ ਗੱਲਾਂ ਬਾਤਾਂ ਹੋਈਆਂ। ਉਸ ਸਾਧੂ ਦੀਆਂ ਗੱਲਾਂ ਵਿਚ ਗੁਰੂ ਸਾਹਿਬ ਨੂੰ ਅਨੰਦ ਦਾ ਅਨੁਭਵ ਹੋ ਰਿਹਾ ਸੀ।

ਵਿਚੇ ਸਾਧੂ ਨੇ ਪ੍ਰਸ਼ਨ ਕਰ ਦਿੱਤਾ ਕਿ ਕੀ ਨਾਂ ਤੇਰਾ ਤੇ ਕਿਹੜੀ ਜਾਤ ਦਾ ਵਾਂ?

ਗੁਰੂ ਸਾਹਿਬ ਨੇ ਕਿਹਾ, 'ਮੇਰਾ ਨਾਂ ਨਾਨਕ ਨਿਰੰਕਾਰੀ ਹੈ। ਜਾਤ ਪਾਤ ਨੂੰ ਮੈਂ ਮੰਨਦਾ ਨਹੀ। ਅਸੀ ਸਭ ਉਚ ਨੀਚ ਇਕ ਨਿਰੰਕਾਰ ਦੀ ਓਲਾਦ ਹਾਂ।'

ਸਾਧੂ - ਇਹਦਾ ਮਤਲਬ ਅਸੀ ਦੋਵੇ ਭਰਾ ਭਰਾ ਹਾਂ?

ਗੁਰੂ ਸਾਹਿਬ - ਜੀ ਹਾਂ।

ਸਾਧੂ- ਚੰਗਾ ਫਿਰ ਇਕ ਕੰਮ ਕਰ ਆਹ ਗੜ੍ਹਵੀ ਮੈਨੂੰ ਦੇ ਦੇ। ਮੇਰੇ ਕੋਲ ਕੋਈ ਭਾਂਡਾ ਹੈ ਨਹੀ।

ਗੁਰੂ ਸਾਹਿਬ ਨੇ ਝੱਟ ਉਹ ਗੜ੍ਹਵੀ ਸਾਧੂ ਨੂੰ ਸੌਂਪ ਦਿੱਤੀ।

ਸਾਧੂ - ਆਹ ਛਾਪ ਸੋਨੇ ਦੀ ਊ? ਗੁਰੂ ਸਾਹਿਬ - ਜੀ ਹਾਂ।

ਸਾਧੂ - ਇਹ ਵੀ ਮੈਨੂੰ ਦੇ ਦੇ। ਮੈਂ ਇਸ ਨਾਲ ਆਪਣਾ ਨਿਰਬਾਹ ਕਰ ਲਵਾਂਗਾ। ਕਦੀ ਕਦੀ ਭੋਜਨ ਨਸੀਬ ਨਹੀ ਹੁੰਦਾ। ਮੈਂ ਇਸ ਨਾਲ ਜੁਗਾੜ ਕਰ ਲਿਆ ਕਰਾਂਗਾਂ।

ਗੁਰੂ ਸਾਹਿਬ ਨੇ ਛਾਪ ਵੀ ਸਾਧੂ ਨੂੰ ਸੌਂਪ ਦਿੱਤੀ।

ਹੋਰ ਗੱਲਾਂ ਬਾਤਾਂ ਹੁੰਦੀਆਂ ਰਹੀਆਂ ਨਿਰੰਕਾਰ ਦੀ ਉਸਤਤ ਦੀਆਂ। ਅਖੀਰ 'ਚ ਸਾਧੂ ਕਹਿੰਦਾ, "ਆਹ ਲੈ! ਆਪਣੀ ਛਾਪ ਤੇ ਗੜ੍ਹਵੀ ਭਰਾਵਾ। ਮੈਂ ਤਾਂ ਤੇਰੀ ਪ੍ਰੀਖਿਆ ਲੈ ਰਿਹਾ ਸੀ।"

ਗੁਰੂ ਸਾਹਿਬ - ਨਹੀ । ਨਹੀ। ਇਹ ਨਹੀ ਹੁਣ ਮੈਂ ਲੈਣੀਆਂ। ਦਾਨ ਦਿੱਤੀ ਵਸਤੂ ਵਾਪਸ ਨਹੀ ਲਈਦੀ। ਤੁਸੀ ਰੱਖੋ। ਤੁਹਾਡੇ ਕੰਮ ਆਉਣਗੀਆਂ।

ਸਾਧੂ ਕਹਿੰਦਾ ਨਾਨਕ ਤੂੰ ਤਾਂ ਸੱਚ ਮੁੱਚ ਨਿਰੰਕਾਰੀ ਹੈ। ਅਸੀ ਤਾਂ ਐਵੇ ਸਾਰੀ ਜਿੰਦਗੀ ਜੰਗਲ ਬੇਲਿਆਂ 'ਚ ਘੁੰਮਦਿਆਂ ਕੱਢ ਦਿੱਤੀ ਹੈ। ਤੇਰਾ ਪ੍ਰਮੇਸ਼ਰ ਨਾਲ ਪਿਆਰ ਸੱਚਾ ਹੈ।

ਗੁਰੂ ਸਾਹਿਬ ਘਰ ਨੂੰ ਆ ਗਏ ਤੇ ਉਹ ਅਤੀਤ ਵੀ ਚਲਦਾ ਬਣਿਆ।

ਘਰ ਪਹੁੰਚਿਆ ਤਾਂ ਮਾਤਾ ਦੀ ਨਜ਼ਰੇ ਪਿਆ ਕਿ ਗੁਰੂ ਸਾਹਿਬ ਦੇ ਕੋਲ ਉਹ ਗੜਵੀ ਨਹੀ ਹੈ। ਗੁਰੂ ਸਾਹਿਬ ਬਾਰੇ ਪਹਿਲਾਂ ਵੀ ਮਸ਼ਹੂਰ ਸੀ ਕਿ ਉਹ ਭਾਂਡੇ ਤੇ ਹੋਰ ਵਸਤੂਆਂ ਅਕਸਰ ਗਵਾ ਆਇਆ ਕਰਦੇ ਸਨ। ਮਾਤਾ ਨੇ ਪੁੱਛਿਆ ਕਿ ਗੜਵੀ ਕਿਥੇ ਹੈ? ਤਾਂ ਗੁਰੂ ਸਾਹਿਬ ਨੇ ਸਾਰੀ ਗੱਲ ਦੱਸੀ ਕਿ ਸਾਧੂ ਨੂੰ ਛਾਪ ਤੇ ਗੜਵੀ ਦਾਨ ਕਰ ਦਿੱਤੀ ਹੈ।

ਗਲ ਪਿਤਾ ਮਹਿਤਾ ਕਾਲੂ ਕੋਲ ਪਹੁੰਚ ਗਈ। ਮਹਿਤਾ ਜੀ ਤਾਂ ਇਕ ਦਮ ਅੱਗ ਬਬੂਲਾ ਹੋ ਗਏ। ਲਗ ਪਏ ਸਾਹਿਬ ਨੂੰ ਗਾਲ ਮੰਦਾ ਕਰਨ। "ਤੂੰ ਨਿੱਜ ਜੰਮਦੋਂ।" "ਤੂੰ ਮੇਰਾ ਵੱਸਦਾ ਘਰ ਉਜਾੜਨ ਤੇ ਤੁੱਲਿਆ ਹੋਇਆ ਹੈ।" "ਨਿਕਲ ਘਰੋਂ ਬਾਹਰ।"

ਮਾਤਾ ਤ੍ਰਿਪਤਾ ਨੇ ਮਹਿਤਾ ਜੀ ਦਾ ਗੁੱਸਾ ਠੰਡਾ ਕੀਤਾ। ਪਰ ਗੱਲ ਰਾਇ ਬੁਲਾਰ ਤੱਕ ਪਹੁੰਚ ਗਈ ਕਿ ਕਾਲੂ ਨੇ ਫਿਰ ਗੁਰੂ ਨਾਨਕ ਨੂੰ ਬੁਰਾ ਭਲਾ ਕਿਹਾ ਹੈ।

ਗ੍ਰਿਹਸਤ ਵਿਚ ਅਜਿਹੀਆਂ ਬੇਪਰਵਾਹੀ ਦੀਆਂ ਘਟਨਾਵਾਂ ਗੁਰੂ ਸਾਹਿਬ ਨਾਲ ਅਕਸਰ ਹੋਈ ਰਹਿੰਦੀਆਂ ਸਨ। ਇਸ ਤੇ ਪਿਤਾ ਮਹਿਤਾ ਕਾਲੂ ਅਕਸਰ ਖਫਾ ਰਹਿੰਦੇ ਸਨ।


ਲਗਦਾ ਹੈ ਫਿਰ ਰਾਇ ਬੁਲਾਰ ਨੇ ਹੀ ਗੁਰੂ ਸਾਹਿਬ ਦੇ ਜੀਜਾ ਜੈ ਰਾਮ ਪਲਤਾ ਨੂੰ ਖਤ ਲਿਖਿਆ ਕਿ ਬਿਹਤ੍ਰ ਹੈ ਗੁਰੂ ਨਾਨਕ ਨੂੰ ਆਪਣੇ ਪਾਸ ਲੈ ਜਾਓ। ਮਹਿਤਾ ਕਾਲੂ ਗੁਰੂ ਸਾਹਿਬ ਦੀ ਰੂਹਾਨੀ ਸਖਸ਼ੀਅਤ ਨੂੰ ਨਹੀ ਸਮਝ ਪਾ ਰਿਹਾ। ਜਿਸ ਕਾਰਨ ਘਰ ਵਿੱਚ ਕਦੀ ਕਲੇਸ਼ ਰਹਿੰਦਾ ਹੈ। ਮੈਂ ਤਾਂ ਨਾਨਕ ਨੂੰ ਆਪਣੇ ਘਰ ਰੱਖਣ ਨੂੰ ਤਿਆਰ ਹਾਂ ਪਰ ਇਸ ਗੱਲ ਤੇ ਵੀ ਇਹ ਮੁਤਫਿਕ ਨਹੀ। ਹੋ ਸਕਦਾ ਇਸ ਕਰਕੇ ਹੋਵੇ ਕਿ ਮੈਂ ਮੁਸਲਮਾਨ ਹਾਂ ਇਹ ਹਿੰਦੂ

ਹਨ। ਪਰ ਨਾਨਕ ਤਾਂ ਇਲਾਹੀ ਨੂਰ ਹੈ ਉਹ ਧਰਮਾਂ ਮਜ਼੍ਹਬਾਂ ਤੋਂ ਉਪਰ ਹੈ।

ਜਨਮ ਸਾਖੀ ਤੋਂ ਸਬੂਤ ਮਿਲਦਾ ਹੈ ਕਿ ਜੈਰਾਮ ਨੇ ਤੁਰੰਤ ਜਵਾਬ ਦਿੱਤਾ ਕਿ ਮੇਰੇ ਵੱਡੇ ਭਾਗ ਹੋਣਗੇ ਜੇ ਨਾਨਕ ਮੇਰੇ ਕੋਲ ਆ ਕੇ ਰਹੇ। ਮੈਂ ਇਨੂੰ ਕਿਸੇ ਕਾਰੋਬਾਰ ਤੇ ਵੀ ਲਾ ਦਿਆਂਗਾ।

## ਸੱਜਣ ਠੱਗ ਦਾ ਉਧਾਰ⊙

ਜਵਾਨੀ ਤਾਂ ਛੱਡੋ ਗੁਰੂ ਸਾਹਿਬ ਅਲੜ ਉਮਰੇ ਵੀ ਨੇੜੇ ਤੇੜੇ ਦਾ ਕੋਈ ਧਾਰਮਿਕ ਮੇਲਾ ਇਕੱਠ ਨਹੀ ਸਨ ਛੱਡਦੇ। ਮੁਲਤਾਨ ਵਿਚ ਤਿੰਨ ਚਾਰ ਸਾਲਾਨਾ ਮੇਲੇ ਲੱਗਦੇ ਆਏ ਨੇ। ਇਥੋਂ ਦੇ ਤਿੰਨ ਤਾਂ ਉਰਸ ਹੀ ਮਸ਼ਹੂਰ ਨੇ ਜਿਸ ਵਿਚ ਲੱਖਾਂ ਲੋਕ ਸ਼ਿਰਕਤ ਕਰਦੇ ਹਨ। ਹੋ ਸਕਦਾ 15ਵੀ ਸਦੀ ਤਕ ਓਥੇ ਕੋਈ ਹਿੰਦੂ ਜਾਂ ਸਭਿਆਚਾਰਕ ਮੇਲਾ ਵੀ ਮੁਲਤਾਨ ਦਾ ਮਸ਼ਹੂਰ ਹੋਏ ਜੋ ਬਾਦ ਵਿਚ ਇਸਲਾਮੀ ਅਸਰ ਵੱਧਣ ਕਾਰਨ ਹੌਲੀ ਹੌਲੀ ਖਤਮ ਹੀ ਹੋ ਗਇਆ ਹੋਵੇ। ਸਾਨੂੰ ਭੁਲਣਾ ਨਹੀ ਚਾਹੀਦਾ ਕਿ ਮੁਲਤਾਨ ਦਾ ਮਜ਼੍ਹਬੀ ਇਤਹਾਸ ਪੂਰੇ ਉੱਤਰੀ ਭਾਰਤ ਵਿਚ ਭਰਪੂਰ ਰਿਹਾ ਹੈ। ਗਲ ਅੰਦਾਜਨ 1492/93 ਈ ਦੀ ਹੋਵੇਗੀ ਗੁਰੂ ਸਾਹਿਬ ਵੀ ਭਾਈ ਮਰਦਾਨੇ ਨਾਲ ਮੁਲਤਾਨ ਕਿਸੇ ਮੇਲੇ ਤੇ ਚਲੇ ਗਏ।


ਸੱਜਣ ਠੱਗ ਦਾ ਸਮੱਰਪਣ -ਬੀ:40

ਲਗਦੈ ਗੁਰੂ ਸਾਹਿਬ ਅਤੇ ਮਰਦਾਨਾ ਰਾਵੀ ਦੇ ਨਾਲ ਨਾਲ ਹੀ ਗਏ ਹੋਣਗੇ। ਰਾਹ ਵਿਚ ਭਾਵ ਨਨਕਾਣਾ ਸਾਹਿਬ ਤੋਂ ਕੋਈ 210 ਕਿਲੋਮੀਟਰ ਰਾਵੀ ਦੇ ਕੰਢੇ ਤੇ ਤੁਲੰਬਾ ਸ਼ਹਿਰ ਆਇਆ। ਤੁਲੰਬਾ ਲਹੌਰ-ਮੁਲਤਾਨ ਸੜਕ ਤੇ ਰੇਲਵੇ ਲਾਈਨ ਤੇ ਪੈਂਦਾ ਹੈ। ਪੁਰਾਣੇ ਸਮਿਆਂ ਵਿੱਚ ਤੁਲੰਬਾ ਸ਼ਹਿਰ ਬਹੁਤ ਵੱਡੀ ਰਿਆਸਤ ਸੀ। ਜਦੋਂ ਬਾਦਸ਼ਾਹ ਸਿਕੰਦਰ ਨੇ ਹਮਲਾ ਕੀਤਾ ਉਦੋਂ ਉਹ ਤੁਲੰਬੇ ਵੀ ਆਇਆ। ਏਸੇ ਤਰਾਂ ਅਠਵੀ ਸਦੀ 'ਚ ਜਿਹੜਾ ਪਹਿਲਾ ਮੁਸਲਮਾਨ ਹਮਲਾਵਰ ਮੁਹੰਮਦ ਬਿਨ ਕਾਸਮ ਆਇਆ ਉਹ ਵੀ ਤੁਲੰਬੇ ਪਹੁੰਚਿਆ ਸੀ। ਸਮਾਂ ਪਾ ਕੇ ਤੁਲੰਬੇ ਦੀ ਮਹੱਤਤਾ ਘਟਦੀ ਗਈ ਤੇ ਅੱਜ ਇਹ ਛੋਟਾ ਜਿਹਾ 50 ਹਜਾਰ ਦੀ ਅਬਾਦੀ ਵਾਲਾ ਕਸਬਾ ਰਹਿ ਗਇਆ ਹੈ।

ਜਦੋਂ ਤੁਲੰਬੇ ਲਾਗੇ ਸ਼ਾਮਾਂ ਪਈਆਂ ਭਾਵ ਰਾਤ ਕੱਟਣ ਦੀ ਵਾਰੀ ਆਈ ਤਾਂ ਕਿਸੇ ਨੇ ਕਿਹਾ ਕਿ ਰਸਤੇ ਤੋਂ ਲਾਂਭੇ ਜਰੂਰ ਜਾਣਾ ਹੈ ਸੜਕ ਉੱਤੇ ਹੀ ਮਖਦੂਮ ਪੁਰ (ਅੱਜ ਪਹੌੜੇ ਪਠਾਣਾਂ ਦਾ ਸ਼ਹਿਰ) ਸੱਜਣ ਨਾਂ ਦੇ ਬੰਦੇ ਨੇ ਵੱਡੀ ਸਰਾਂ ਬਣਾਈ ਹੋਈ ਹੈ। ਓਥੇ ਰੋਟੀ ਪਾਣੀ ਸੌਣ ਤੇ ਨਹਾਉਣ ਦਾ ਸਾਰਾ ਪ੍ਰਬੰਧ ਹੈ।

ਸੋ ਬਾਬਾ ਤੇ ਮਰਦਾਨਾ ਮਖਦੂਮਪੁਰ ਸੱਜਣ ਦੀ ਸਰਾਂ ਪਹੁੰਚ ਗਏ। ਸੱਜਣ ਨੇ ਫਰੇਬ ਵਾਲਾ ਪੂਰਾ ਜਾਲ ਵਿਛਾ ਰੱਖਿਆ ਸੀ। ਮੁਸਲਮਾਨ ਰਾਹਗੀਰਾਂ ਲਈ ਮਸੀਤ ਤੇ ਹਿੰਦੂਆ ਲਈ ਬਕਾਇਦਾ ਮੰਦਰ ਬਣਾਇਆ ਹੋਇਆ ਸੀ। ਖ਼ੁੱਦ ਸੱਜਣ ਮੋਟਾ ਸਾਰਾ ਤਿਲਕ ਲਾਈ ਸੁਫੈਦ ਕਪੜਿਆ ਵਿਚ ਹੁੰਦਾ। ਅਗਲੇ ਨੂੰ ਇਹ ਲੱਗੇ ਕਿ ਕਿਸੇ ਧਰਮੀ ਪੁਰਖ ਨੇ ਸਰਾਂ ਬਣਾਈ ਹੈ। ਜਰਨੈਲੀ ਸੜ੍ਹਕ ਤੇ ਹੋਣ ਕਰਕੇ ਅਮੂਮਨ ਵਪਾਰੀ ਤੇ ਹੋਰ ਰਾਹਗੀਰ ਉਹਦੀ ਸਰਾਂ ਵਿੱਚ ਠਹਿਰ ਜਾਂਦੇ ਸਨ। ਉਹ ਆਏ ਰਾਹਗੀਰ ਦੀ ਖ਼ੂਬ ਸੇਵਾ ਕਰਦਾ। ਅੱਧੀ ਰਾਤ ਵੇਲੇ ਫਿਰ ਉਸਨੇ ਰਾਹਗੀਰ ਨੂੰ ਲੁੱਟ ਲੈਣਾ ਭਾਵ ਉਹਦਾ ਸਾਰਾ ਰੁਪਿਆ ਪੈਸਾ ਸਮਾਨ ਤੇ ਕਪੜਾ ਲੁਹਾ ਲੈਣਾ। ਕਈ ਵਾਰੀ ਕਤਲ ਕਰਕੇ ਲਾਸ਼ ਟਿਕਾਣੇ ਵੀ ਲਾ ਦੇਣੀ। ਸਵੇਰ ਵੇਲੇ ਮੁਸਾਫਿਰ ਅੱਗੇ ਭੋਲੇ ਬਣਨ ਦੀ ਅਦਾਕਾਰੀ ਜਾਂ ਨਾਟਕ ਕਰਨਾਂ ਕਿ ਰਾਤ ਇਥੇ ਲੁਟੇਰੇ ਪੈ ਗਏ ਸਨ। ਕਰਾਉਣਾ ਸਭ ਕੁਝ ਆਪ ਹੀ। ਇਸ ਨੇ ਆਪਣੇ ਨਾਲ 8-10 ਬਦਮਾਸ਼ ਰੱਖੇ ਹੋਏ ਸਨ।

ਖੈਰ ਜਿਵੇ ਬਾਬਾ ਤੇ ਮਰਦਾਨਾ ਓਥੇ ਪਹੁੰਚੇ ਤਾਂ ਸੱਜਣ ਠੱਗ ਦੇ ਨੌਕਰ ਨੇ ਮਰਦਾਨੇ ਕੋਲੋ ਸਾਰੀ ਜਾਣ ਪਛਾਣ ਲੈ ਲਈ। ਮਰਦਾਨੇ ਨੇ ਦੱਸਿਆ ਕਿ ਕਿਵੇ ਬਾਬਾ ਤਲਵੰਡੀ ਦੇ ਕਾਰਦਾਰ ਦਾ ਪੁੱਤਰ ਹੈ। ਬਾਬੇ ਦੀ ਪੁਸ਼ਾਕ ਵੀ ਰੋਹਬਦਾਰ ਸੀ। ਨੌਕਰ ਨੇ ਹੌਲੀ ਜਿਹੀ ਜਾ ਕੇ ਸੱਜਣ ਨੂੰ ਸਾਰੀ ਰਿਪੋਰਟ ਦਿੱਤੀ ਕਿ ਮੁੰਡਾ ਅਮੀਰ ਘਰ ਦਾ ਹੈ। ਸੱਜਣ ਨੇ ਗੁਰੂ ਸਾਹਿਬ ਨੂੰ ਜਦੋਂ ਵੇਖਿਆ ਤਾਂ ਚਿਹਰੇ ਦਾ ਨੂਰ ਸਹਾਰਿਆ ਨਾਂ ਗਿਆ। ਉਹ ਸਮਝ ਬੈਠਾ ਕਿ ਕੋਈ ਵੱਡਾ ਧਨੀ ਬੰਦਾ ਅੱਜ ਉਹਦੇ ਕੋਲ ਫਸਿਆ ਹੈ। ਨੌਕਰ ਨੂੰ ਹੁਕਮ ਕਰ ਦਿੱਤਾ ਕਿ ਇਨਾਂ ਮੁਸਾਫਰਾਂ ਨੂੰ ਰਹਿਣ ਦੀ ਇਜਾਜਤ ਹੈ ਤੇ ਇਨਾਂ ਦੀ ਪੂਰੀ ਆਓ ਭਗਤ ਕੀਤੀ ਜਾਵੇ ਜੋ ਵਪਾਰੀਆਂ ਦੀ ਹੁੰਦੀ ਸੀ। ਗੁਰੂ ਸਾਹਿਬ ਦੀ ਦਿੱਬ ਦ੍ਰਿਸ਼ਟੀ ਉਹਨੂੰ ਤਾੜ ਚੁੱਕੀ ਸੀ।

ਪੈੜ ਸਫ਼ਾ

⊙ ਬਾਲਾ-113, ਪੁਰਾਤਨ-52, ਸੋਢੀ - 296
ਬ:40- 60। ਨਾਂ ਸੱਜਣ ਦੀ ਥਾਂ ਭੋਲਾ ਚੋਰ ਦਿੱਤਾ ਹੈ।

ਸੋਢੀ ਮਿਹਰਵਾਨ ਨੂੰ ਟਪਲਾ ਲੱਗਾ ਹੈ ਤੇ ਇਹ ਸਾਖੀ ਦੱਖਣ ਵਿੱਚ ਹੋਈ ਦੱਸੀ ਹੈ। ਤੁਲੰਬੇ ਵਿੱਚ ਸਥਾਨਕ ਰਵਾਇਤ ਜਾਂ ਪ੍ਰੰਪਰਾ ਮੌਜੂਦ ਹੈ ਤੇ ਸੱਜਣ ਦਾ ਟਿਕਾਣਾ ਵੀ ਲੋਕਾਂ ਨੂੰ ਪਤਾ ਹੈ।

⊙ ਬਹੁਤੇ ਇਤਹਾਸਕਾਰਾਂ ਨੇ ਜਨਮਸਾਖੀਆਂ ਤੋਂ ਇਸ਼ਾਰਾ ਪਾ ਕੇ ਇਹ ਲਿਖ ਦਿੱਤਾ ਹੈ ਕਿ ਤੁਲੰਭੇ ਗੁਰੂ ਸਾਹਿਬ ਪਹਿਲੀ ਉਦਾਸੀ ਵੇਲੇ ਗਏ ਸਨ ਜੋ ਕਿ ਗਲਤ ਹੈ। ਕਿਉਕਿ ਕੋਈ ਤੁੱਕ ਨਹੀ ਬਣਦੀ ਕਿ ਗੁਰੂ ਸਾਹਿਬ ਤਲਵੰਡੀ ਤੋਂ ਹਰਦਵਾਰ (ਜਾਂ ਕੁਰਖੇਤਰ) ਨੂੰ ਜਾਣ ਵਾਸਤੇ ਪਹਿਲਾਂ ਤੁਲੰਬੇ ਜਾਣ। ਸਾਡੇ ਅੰਦਾਜ਼ੇ ਅਨੁਸਾਰ ਸੱਜਣ ਠੱਗ ਵਾਲੀ ਸਾਖੀ ਗੁਰੂ ਸਾਹਿਬ ਦੇ ਸੁਲਤਾਨਪੁਰ ਲੋਧੀ ਜਾਣ ਤੋਂ ਪਹਿਲਾਂ ਦੀ ਹੈ। ਉਦੋਂ ਅਜੇ ਗੁਰੂ ਸਾਹਿਬ ਨੇ ਸੰਨਿਆਸੀਆਂ/ ਫਕੀਰਾਂ ਵਾਲਾ ਲਿਬਾਸ ਧਾਰਨ ਨਹੀ ਕੀਤਾ ਸੀ। ਇਤਹਾਸ 'ਚ ਦਰਜ ਹੈ ਕਿ ਗੁਰੂ ਸਾਹਿਬ ਪਹਿਲਾਂ ਵੀ ਮਰਦਾਨੇ ਨਾਲ ਇਸ ਪਾਸੇ ਨੂੰ ਨਿਕਲੇ ਸਨ। ਧਿਆਨ ਰਹੇ ਸਾਧੂ ਸੰਤਾਂ ਨੂੰ ਠੱਗ ਲੁਟੇਰੇ ਨਹੀ ਸਨ ਪੈਂਦੇ। ਕਿਉਕਿ ਸਾਧੂ ਲੋਕ ਨੰਗ ਧੜੰਗ ਹੀ ਚਲਿਆ ਕਰਦੇ ਸਨ। ਸੋ ਇਹ ਸਾਖੀ ਉਦਾਸੀਆਂ ਸ਼ੁਰੂ ਕਰਨ ਤੋਂ ਪਹਿਲਾਂ ਦੀ ਹੈ। ਨਾਲੇ ਭਾਈ ਮਨੀ ਸਿੰਘ ਨੇ ਦਿਤਾ ਹੈ ਕਿ ਸਾਹਿਬ ਛੋਟੀ ਉਮਰੇ ਮੁਲਤਾਨ ਗਏ ਸਨ।



ਤੁਲੰਭੇ ਲਾਘੇ ਮਖਦੂਮਪੁਰ ਪਹੌੜਾਂ ਵਿਖੇ ਸੱਜਣ ਠੱਗ ਵਾਲਾ ਗੁਰਦੁਆਰਾ ਅੱਜ ਵਿਦਿਆ ਦਾ ਚਾਨਣ ਦੇ ਰਿਹਾ ਹੈ। ਅੱਜ ਹਾਈ ਸਕੂਲ ਚੱਲ ਹੈ ਇਥੇ।

ਸ਼ਾਮੀ ਲੰਗਰ ਪਾਣੀ ਖੁਆ ਕੇ ਮਰਦਾਨੇ ਨੂੰ ਤਾਂ ਉਹਦਾ ਨੌਕਰ ਆਪਣੇ ਨਾਲ ਖੱਬੇ ਸੱਜੇ ਕਿਤੇ ਲੈ ਗਇਆ ਅਤੇ ਗੱਲਾਂ ਬਾਤਾਂ ਮਾਰਨ ਲੱਗ ਪਿਆ ਅਤੇ ਮਰਦਾਨੇ ਕੋਲੋਂ ਸੂਹਾ ਲੈਣ ਲੱਗ ਪਿਆ ਕਿ ਦੱਸ ਤੇਰੇ ਅਤੇ ਤੇਰੇ ਸਾਥੀ ਕੋਲ ਕੀ ਪੈਸਾ ਧੈਲਾ ਹੈ?

ਦੂਸਰੇ ਪਾਸੇ ਸੱਜਣ ਠੱਗ ਗੁਰੂ ਸਾਹਿਬ ਨਾਲ ਗੱਲਾਂ ਮਾਰਨ ਲੱਗ ਪਿਆ। ਗੱਲਾਂ ਬਾਤਾਂ ਵਿਚ ਹੀ ਧਮਕੀਆਂ ਅਤੇ ਇਸ਼ਾਰੇ ਸ਼ੁਰੂ ਹੋ ਗਏ। ਸੱਜਣ ਦੇਖ ਰਿਹਾ ਸੀ ਕਿ ਇਸ ਮੁਸਾਫਿਰ ਦੇ ਮੰਨ ਤੇ ਜਰਾ ਖਉ ਨਹੀ ਸੀ। ਉਲਟਾ ਗੁਰੂ ਸਾਹਿਬ ਨੇ ਸੱਜਣ ਕੋਲ ਗਾਉਣਾ ਸ਼ੁਰੂ ਕਰ ਦਿੱਤਾ:

ਸੂਹੀ ਮਹਲਾ ੧ ਘਰੁ ੬

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥ ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥੧॥ ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ ॥ ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥੧॥ ਰਹਾਉ ॥ ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ ॥ ਢਠੀਆ ਕੰਮਿ ਨ ਆਵਨ੍ਹੀ ਵਿੱਚਹੁ ਸਖਣੀਆਹਾ ॥੨॥ ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ ॥ ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨ੍ਹਿ ॥੩॥ ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨ੍ਹਿ ॥ ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨ੍ਹਿ ॥੪॥ ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ ॥ ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ ॥੫॥ ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ ॥ ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ ॥੬॥੧॥੩॥

ਸੱਜਣ ਕਹਿਣ ਲੱਗਾ ਇਹ ਕੀ ਗਾ ਰਹੇ ਹੋ। ਗੁਰੂ ਸਾਹਿਬ ਨੇ ਫਰਮਾਇਆ ਕਿ ਇਹ ਓਨਾਂ ਲੋਕਾਂ ਬਾਰੇ ਕਹਿ ਰਿਹਾ ਹਾਂ ਜੋ ਬਾਹਰੋਂ ਕੁਝ ਤੇ ਅੰਦਰ ਕੁਝ ਨੇ। ਜਿਹੜੇ ਵੇਖਣ ਨੂੰ ਹੰਸ ਨੇ ਪਰ ਅਸਲ ਵਿੱਚ ਬਗਲੇ ਭਗਤ ਨੇ ਤੇ ਉਤੋਂ ਭੋਲੇ ਭਾਲੇ ਬਣ ਕੇ ਜੀ ਘਾਤ ਕਰਦੇ ਨੇ। ਮੈਂ ਉਨਾਂ ਲੋਕਾਂ ਬਾਰੇ ਸੋਚ ਰਿਹਾ ਹਾਂ ਕਿ ਇਹ ਅੰਨੇ ਜਿਹੜੇ ਐਨਾਂ ਭਾਰ ਚੁੱਕੀ ਜਾ ਰਹੇ ਨੇ ਇਨਾਂ ਦਾ ਕੀ ਬਣੂ। ਇਨਾਂ ਨੂੰ ਮੌਤ ਭੁੱਲੀ ਹੋਈ ਹੈ।

ਬਾਬੇ ਨਾਨਕ ਦਾ ਸ਼ਬਦ ਤਾਂ ਪਹਿਲਾਂ ਹੀ ਸ਼ੇਖ ਸੱਜਣ ਦਾ ਹਿਰਦਾ ਚੀਰ ਗਇਆ ਸੀ ਫਿਰ ਜਦੋਂ ਬਾਬੇ ਨੇ ਵਿਆਖਿਆ ਕਰ ਦਿੱਤੀ ਤਾਂ ਸੇਖ ਨੂੰ ਤਾਂ ਇੱਕ ਦਮ ਮੌਤ ਸਾਹਮਣੇ ਖੜੀ ਨਜਰ ਆ ਗਈ। ਸ਼ੇਖ ਅੰਦਰੋਂ ਕੰਬ ਉਠਿਐ ਕਿ ਮੈ ਇਹ ਕੀ ਕਰਦਾ ਰਿਹਾ ਸਾਰੀ ਉਮਰ।

ਦੂਸਰੇ ਪਾਸੇ ਉਹਦਾ ਬੰਦੇ ਮਰਦਾਨੇ ਨੂੰ ਤਸੀਹੇ ਦੇ ਰਹੇ ਸਨ ਕਿ ਦਸ ਤੇਰੇ ਸਾਥੀ ਕੋਲ ਕੀ ਕੀ ਤੇ ਕਿੱਥੇ ਕਿੱਥੇ ਪੈਸਾ ਧੇਲਾ ਹੈ। ਮਰਦਾਨੇ ਦੇ ਕਪੜੇ ਲੁਹਾ ਕੇ ਤਲਾਸ਼ੀ ਲੈ ਰਹੇ ਸਨ।

ਮਰਦਾਨੇ ਦੀਆਂ ਚੀਕਾਂ ਸੁਣ ਕੇ ਸ਼ੇਖ ਉਠਿਆ ਅਤੇ ਜਾ ਕੇ ਕਹਿਣ ਲਗਾ, ਬਸ ਬੰਦ ਕਰੋ। ਛੱਡ ਦਿਓ ਇਸ ਬੰਦੇ ਨੂੰ।

ਮਰਦਾਨੇ ਨੇ ਬਾਬੇ ਕੋਲ ਆ ਕੇ ਦੁਹਾਈ ਪਾ ਦਿੱਤੀ ਕਿ ਬਾਬਾ ਕਿਥੇ ਆ ਫਸੇ ਆਪਾਂ। ਇਹ ਮੁਸਾਫਰਖਾਨਾ ਨਹੀ, ਇਹ ਤਾਂ ਲੁਟੇਰੇ ਨੇ।

ਹੋਰ ਗੱਲਾਂ ਬਾਤਾਂ ਹੋਈਆਂ। ਗੁਰੂ ਸਾਹਿਬ ਨੇ ਸੱਜਣ ਨੂੰ ਸਾਰਾ ਸ਼ੀਸ਼ਾ ਦਿਖਾ ਦਿਤਾ। ਸੱਜਣ ਗੁਰੂ ਸਾਹਿਬ ਦੇ ਪੈਰਾਂ ਤੇ ਡਿੱਗ ਪਿਆ ਕਿ ਬਾਬਾ ਬਖਸ਼ ਲਓ ਗੁਨਾਹਗਾਰ ਨੂੰ ਜੇ ਬਖਸ਼ ਸਕਦੇ ਹੋ ਤਾਂ।

ਗੁਰੂ ਸਾਹਿਬ ਨੇ ਫਿਰ ਸੱਜਣ ਨੂੰ ਗੁਰਮਤ ਸਮਝਾਈ। ਸਿੱਖ ਬਣਾਇਆ। ਰਹਿੰਦੀ ਜਿੰਦਗੀ ਫਿਰ ਸੱਜਣ ਨੇ ਧਰਮੀ ਪੁਰਖ ਦੇ ਤੌਰ ਤੇ ਬਿਤਾਈ। ਉਹਦੀ ਸਰਾਂ ਵੀ ਫਿਰ ਅਸਲੀ ਸਰਾਂ ਬਣ ਗਈ। ਕਿਹਾ ਜਾਂਦਾ ਹੈ ਗੁਰੂ ਸਾਹਿਬ ਦੀ ਸਿਖਿਆ ਦਾ ਉਸ ਤੇ ਅਜਿਹਾ ਅਸਰ ਹੋਇਆ ਕਿ ਉਸ ਨੇ ਆਪਣੀ ਸਾਰੀ ਜਾਇਦਾਦ ਸੇਵਾ ਦੇ ਕੰਮ ਵਿਚ ਲਗਾ ਦਿੱਤੀ ਸੀ। ਸਿੱਖ ਇਤਹਾਸ ਵਿੱਚ ਇਹ ਭਾਈ ਸੱਜਣ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ ਪਰ ਇਲਾਕੇ ਵਿੱਚ ਅੱਲ ਠੱਗ ਹੀ ਚਲਦੀ ਰਹੀ।

ਅੱਜ ਮਖਦੂਮ ਪੁਰ ਪਹੋੜੇ ਵਿਖੇ ਸੱਜਣ ਦੀ ਸਮਾਧ ਮੌਜੂਦ ਹੈ। ਵੰਡ ਵੇਲੇ ਇਕ ਥਾਂ ਤਿੰਨ ਸਮਾਧਾਂ ਮੌਜੂਦ ਸਨ ਜਿੰਨਾਂ ਨੂੰ ਸੱਜਣ ਠੱਗ ਦੀ ਸਮਾਧ ਕਰਕੇ ਜਾਣਿਆ ਜਾਂਦਾ ਸੀ। ਇਹ ਇੱਕ ਟਿਬੇ ਉਤੇ ਸਨ ਜਿਸ ਨੂੰ ਸੱਜਣ ਠੱਗ ਦੀ ਭਿੜਕੀ ਕਹਿ ਕੇ ਜਾਣਿਆ ਜਾਂਦਾ ਸੀ।

ਸੱਤਵੇਂ ਪਾਤਸ਼ਾਹ ਦਾ ਸਿੱਖ ਭਾਈ ਜੋਧ ਇਥੋਂ ਦਾ ਹੀ ਹੋਇਆ ਹੈ। ਦਸਮ ਪਾਤਸ਼ਾਹ ਵੇਲੇ ਫਿਰ ਭਾਈ ਸਚਿਆਰ ਮਸੰਦ ਇਥੋਂ ਸੀ ਜਿਸ ਨੇ ਗੁਰੂ ਸਾਹਿਬ ਤੋਂ ਬਹੁਤ ਬਖਸ਼ਸ਼ਾ ਹਾਸਲ ਕੀਤੀਆਂ।

ਵੰਡ ਤੋਂ ਪਹਿਲਾਂ ਭਾਈ ਜੋਧ ਦੇ ਡੇਰੇ ਤੇ 1910 ਈ. ਵਿੱਚ ਬਣਿਆ ਸੁੰਦਰ ਗੁਰਦੁਆਰਾ ਹੋਇਆ ਕਰਦਾ ਸੀ। ਉਸ ਇਮਾਰਤ ਵਿੱਚ ਅੱਜ ਕਲ੍ਹ ਸਕੂਲ ਚਲ ਰਿਹਾ ਹੈ। ਮਖਦੂਮ ਪੁਰ ਦੇ ਸਿੱਖ ਉਠ ਕੇ ਪਾਣੀਪਤ (ਹਰਿਆਣਾ) ਆ ਬੈਠੇ ਨੇ। ਇਥੇ ਵੀ ਉਹ ਪੂਰੀ ਸ਼ਰਧਾ ਨਾਲ ਅੰਮ੍ਰਿਤਸਰ-ਦਿੱਲੀ ਸੜਕ ਤੇ ਗੁਰਦੁਆਰਾ ਸਾਹਿਬ ਬਣਾ ਕੇ ਸੰਗਤਾਂ ਦੀ ਸੇਵਾ ਕਰ ਰਹੇ ਨੇ।

ਗੁਰੂ ਸਾਹਿਬ ਦਾ ਅਜਿਹਾ ਹੀ ਠੱਗਾਂ ਨਾਲ ਟਾਕਰਾ ਖਰਗੋਨ ਦੇ ਇਲਾਕੇ ਨਰਬਦਾ ਨਦੀ ਕਿਨਾਰੇ ਵੀ ਹੋਇਆ ਸੀ। ਦਰ ਅਸਲ ਹਿੰਦੁਸਤਾਨ (ਭਾਵ ਯੂਪੀ, ਬਿਹਾਰ, ਮੱਧ ਪ੍ਰਦੇਸ ਆਦਿ) ਵਿਚ ਠੱਗੀ ਇੱਕ ਕਿੱਤਾ ਹੁੰਦੀ ਸੀ ਜਿਸ ਬਾਬਤ ਸਲਤਨਤ ਤੇ ਮੁਗਲ ਹਕੂਮਤ ਦੌਰਾਨ ਮੌਜੂਦ ਹੋਣ ਦੇ ਜਿਕਰ ਮਿਲਦੇ ਹਨ। ਅੰਗਰੇਜਾਂ ਨੇ ਆ ਕੇ ਹੀ ਠੱਗਾਂ ਨੂੰ ਨੱਥ ਪਾਈ। ਇਤਹਾਸ 'ਚ ਆਉਦਾ ਹੈ ਕਿ ਸੰਨ 1831 ਈ. ਤੋਂ 1837 ਦਰਮਿਆਨ 3266 ਠੱਗ ਫੜੇ ਗਏ। ਜਿੰਨਾਂ ਵਿੱਚੋਂ 412 ਤਾਂ ਫਾਂਸੀ ਤੇ ਲਟਕਾਏ ਤੇ 483 ਨੂੰ ਮੁਖਬਰ ਬਣਾ ਕੇ ਛੱਡ ਦਿੱਤਾ ਗਇਆ ਬਾਕੀਆਂ ਨੂੰ ਜੇਲ ਹੋਈ।

# 23- ਸੁਲਤਾਨਪੁਰ ਲੋਧੀ ਨੂੰ ਆ ਭਾਗ ਲਾਏ

ਬੇਬੇ ਨਾਨਕੀ ਅਤੇ ਭਾਈਆ ਜੈਰਾਮ ਦੇ ਘਰ ਉਲਾਦ ਨਹੀ ਸੀ। ਫਿਰ ਬੇਬੇ ਜੀ ਦਾ ਭਰਾ ਨਾਲ ਪਿਆਰ ਵੀ ਲੋਹੜੇ ਦਾ ਸੀ। ਓਧਰ ਪਿਤਾ ਕਾਲੂ ਗੁਰੂ ਸਾਹਿਬ ਤੇ ਖੁਸ਼ ਨਹੀ ਸੀ। ਪਿਤਾ ਸੋਚਦਾ ਸੀ ਕਿ ਇਕ ਤਾਂ 20 ਰੁਪਏ ਗੁਰੂ ਜੀ ਨੇ ਖਹੁੰ ਖਿੰਜੂ ਕੀਤੇ। ਫਿਰ ਇਕ ਸਾਧ ਨੂੰ ਕੀਮਤੀ ਛਾਪ ਅਤੇ ਗੜਵੀ ਦਾਨ ਦੇ ਦਿਤੀ। ਗੁਰੂ ਸਾਹਿਬ ਗਾਹੇ ਬਿਗਾਹੇ ਮੇਲਿਆਂ ਅਤੇ ਧਾਰਮਿਕ ਇਕੱਠਾਂ ਲਈ ਵੀ ਨਿਕਲ ਜਾਂਦੇ ਸਨ। ਪਿਤਾ ਜੀ ਸਮਝਦੇ ਸਨ ਕਿ ਨਾਨਕ ਵਪਾਰ ਧੰਧੇ ਵਿਚ ਗੈਰ ਜਿੰਮੇਵਾਰ ਹੈ। ਦੂਸਰੇ ਪਾਸੇ ਭੈਣ ਅਤੇ ਜੀਜੇ ਦੇ ਮਨਾਂ ਵਿਚ ਗੁਰੂ ਸਾਹਿਬ ਲਈ ਅਥਾਹ ਸਤਿਕਾਰ ਸੀ।



ਸੁਲਤਾਨਪੁਰ ਲੋਧੀ ਦੇ ਕਿਲੇ ਅੰਦਰ ਮੌਜੂਦ ਦੌਲਤ ਖਾਂ ਲੋਧੀ ਦਾ ਦਰਬਾਰ (ਮਹੱਲ) ਜਿਥੇ ਗੁਰੂ ਸਾਹਿਬ ਦੀ ਇੰਟਰਵਿਊ ਹੋਈ ਤੇ ਬਾਦ ਵਿਚ ਵੀ ਕਈ ਵਾਰ ਨਵਾਬ ਨਾਲ ਇਥੇ ਗੁਫਤਗੂ ਹੁੰਦੀ ਰਹੀ। ਦਰਬਾਰ ਦਾ ਗੁੰਬਦ ਅੰਗਰੇਜਾਂ ਵੇਲੇ ਡਿੱਗ ਪਇਆ ਸੀ ਪਰ ਸਿਆਣੇ ਹੁਕਮਰਾਨ ਨੇ ਨਵੀ ਛੱਤ ਪਾ ਕੇ ਇਮਾਰਤ ਸਾਂਭ ਲਈ ਸੀ।

ਇਸ ਕਰਕੇ ਸੰਨ 1492 ਦੇ ਆਸ ਪਾਸ ਰਾਇ ਬੁਲਾਰ ਦੀ ਸਲਾਹ ਤੇ ਭਾਈਆ ਜੈ ਰਾਮ ਅਤੇ ਬੇਬੇ ਨਾਨਕੀ ਗੁਰੂ ਸਾਹਿਬ ਨੂੰ ਆਪਣੇ ਕੋਲ ਸੁਲਤਾਪੁਰ ਲੋਧੀ ਹੀ ਬੁਲਾ ਲੈਂਦੇ ਨੇ। ਇਥੇ ਗੁਰੂ ਸਾਹਿਬ ਕੋਈ ਹੱਟੀ ਜਾਂ ਛੋਟਾ ਮੋਟਾ ਵਿਉਪਾਰ ਕਰਦੇ ਹਨ ਤੇ ਬਾਦ ਅਕਤੂਬਰ, 1504 ਈ ਨੂੰ ਗੁਰੂ ਸਾਹਿਬ ਸੁਲਤਾਨ ਪੁਰ ਲੋਧੀ ਦੇ ਨਵਾਬ ਦਾ ਮੋਦੀਖਾਨਾ ਸੰਭਾਲਦੇ ਨੇ।

ਰਾਇ ਬੁਲਾਰ ਦੀ ਸਲਾਹ ਤੇ ਸਹੁਰਿਆਂ ਦੀ ਵੀ ਸਹਿਮਤੀ, ਸੋ ਭਾਈਆ ਜੈ ਰਾਮ ਪਲਤਾ ਨੇ ਖੱਤ ਭੇਜ ਦਿੱਤਾ ਕਿ ਨਾਨਕ ਨੂੰ ਸਾਡੇ ਕੋਲ ਭੇਜ ਦਿਓ। ਇਤਹਾਸ 'ਚ ਆਉਦਾ ਹੈ ਕਿ ਭਾਈਆ ਜੀ ਨੇ ਇਕ ਚੀਰੀ (ਖਤ) ਆਪਣੇ ਸਹੁਰੇ ਦੇ ਨਾਂ ਤੇ ਦੂਸਰਾ ਸਿੱਧਾ ਗੁਰੂ ਨਾਨਕ ਨੂੰ ਲਿਖ ਕੇ ਆਪਣੇ ਕੋਲ ਸੱਦਿਆ ਸੀ।

ਅਸੀ ਅੱਗੇ ਵੇਖਾਂਗੇ ਕਿ ਕਿਵੇ ਓਦੋਂ ਸੁਲਤਾਨ ਪੁਰ ਲੋਧੀ ਸ਼ਹਿਰ ਦਾ ਰਾਜਨੀਤਕ ਰੁਤਬਾ ਲਹੌਰ ਤੋਂ ਵੀ ਉਤੇ ਸੀ। ਕਿਉਕਿ ਪੰਜਾਬ ਦੇ ਮਾਲਕ ਦੌਲਤ ਖਾਂ ਲੋਧੀ ਨੇ ਸੁਲਤਾਨਪੁਰ ਲੋਧੀ ਆਪਣੇ ਨਾਂ ਤੇ ਵਸਾਇਆ ਸੀ। ਲੋਧੀ ਹਰ ਤਰਾਂ ਨਾਲ ਸੁਲਤਾਨਪੁਰ ਨੂੰ ਉੱਤੇ ਚੁੱਕਣ ਦੀ ਕੋਸ਼ਿਸ਼ ਵਿਚ ਸੀ। ਗੱਡੇ ਤੇ ਲੱਦੇ ਘਰ ਦੇ ਨਿੱਕ ਸੁੱਕ ਸਮਾਨ ਸਮੇਤ, ਘੋੜੇ ਤੇ ਸਵਾਰ ਹੋ ਬਾਬਾ ਨਾਨਕ ਸੁਲਤਾਨ ਪੁਰ ਲੋਧੀ ਲਈ ਰਵਾਨਾ ਹੋ ਗਿਆ।

ਇਤਹਾਸ ਵਿੱਚ ਇਹ ਵੀ ਆਉਦਾ ਹੈ ਕਿ ਜਦੋਂ ਬਾਬਾ ਇਕੱਲਾ ਹੀ ਸੁਲਤਾਨਪੁਰ ਵਲ ਰਵਾਨਾ ਹੋਣ ਲੱਗਾ ਤਾਂ ਬਾਬੇ ਦੀ ਘੁੰਮੀ (ਸਿੱਖ ਜਗਤ ਦੀ ਮਾਤਾ ਸੁਲੱਖਣੀ) ਨੇ ਪੁਆੜਾ ਪਾ ਦਿੱਤਾ ਸੀ।

"ਮੈਨੂੰ ਨਾਲ ਲੈ ਕੇ ਚੱਲ ਨਹੀ ਤਾਂ ਚੁੱਪ ਕਰ ਕੇ ਬਹਿ ਏਥੇ ਹੀ। ਪਹਿਲਾਂ ਮੇਰੇ ਵਲ੍ਹ ਕਿੰਨਾ ਕੁ ਧਿਆਨ ਕਰਦੇ ਹੋ। ਪ੍ਰਦੇਸਾਂ ਵਿੱਚ ਰਹਿ ਕੇ ਬਸ ਸਾਧਾਂ ਜੋਗੇ ਹੀ ਹੋ ਜਾਓਗੇ। ਮੈਂ ਨਹੀ ਪਿੱਛੇ ਇਕੱਲੀ ਨੇ ਰਹਿਣਾ।"

ਗੁਰੂ ਸਾਹਿਬ ਨੇ ਚੋਣੀ ਨੂੰ ਕਿਹਾ ਭਲੀਏ ਲੋਕੇ ਪਹਿਲਾਂ ਮੈਨੂੰ ਜਾਣ ਦੇ। ਮੈਂ ਜਾ ਕੇ ਕੋਈ ਕਾਰੋਬਾਰ ਨੌਕਰੀ ਲਭਦਾ ਵਾਂ। ਘਰ ਲੈ ਕੇ ਫਿਰ ਤੈਨੂੰ ਆਪ ਆ ਕੇ ਲੈ ਜਾਵਾਂਗਾ। ਸੁਲਤਾਨ ਪੁਰ ਲੋਧੀ ਕਿਹੜਾ ਪ੍ਰਦੇਸ ਆ। ਰੋਜ ਲੋਕੀ ਆਉਦੇ ਜਾਂਦੇ ਰਹਿੰਦੇ ਨੇ। ਪਰ ਮਾਤਾ ਨਹੀ ਸੀ ਮੰਨੀ।

ਤਲਵੰਡੀ ਤੋਂ ਸੁਲਤਾਨਪੁਰ ਲੋਧੀ ਦਾ ਪੈਂਡਾ 40 ਕੋਹ (90 ਮੀਲ ਜਾਂ 144 ਕਿਲੋਮੀਟਰ)। ਆਮ ਯਾਤਰਾਵਾਂ ਦੌਰਾਨ ਬਾਬਾ ਮਸਤ ਮੌਲਾ ਬਾਬੇ ਨੂੰ ਕੋਈ ਕਾਹਲੀ ਨਹੀ ਸੀ ਹੁੰਦੀ। ਜਿੱਥੇ ਕਿਤੇ ਲੱਗਾ ਕਿ ਕੋਈ ਨਿਰੰਕਾਰ ਦੀ ਗੱਲ ਸੁਣਨ ਜਾਂ ਸੁਣਾਉਣ ਵਾਲਾ ਹੋਵੇ ਓਥੇ ਹੀ ਬਾਬੇ ਦੀ ਛਾਉਣੀ ਪੈ ਜਾਂਦੀ ਸੀ। ਪਰ ਐਤਕਾਂ ਜਨਾਨਾ ਸਾਥ ਨਾਲ ਸੀ। ਇਸ ਕਰਕੇ ਗੁਰੂ ਸਾਹਿਬ ਨੇ ਰਸਤੇ ਵਿਚ ਸਿਰਫ ਦੋ ਤਿੰਨ ਪੜਾਅ ਹੀ ਕੀਤੇ। ਇੱਕ ਤਾਂ ਡੇਰਾ ਚਾਹਲ ਨਾਨਕਿਆਂ ਦੇ ਕੀਤਾ।

ਮਿਹਰਵਾਨ ਸੋਢੀ ਨੇ ਬੜਾ ਸਾਫ ਸਾਫ ਲਿਖਿਆ ਹੈ ਕਿ:

"ਗੁਰੂ ਬਾਬਾ ਨਾਨਕੁ ਜੀ ਘੋੜੈ ਅਸਵਾਰ ਹੋਆ, ਸੁਲਤਾਨਪੁਰ ਕੋ ਚਲੇ। ਮਜਲ ਦਰ ਮਜਲ ਚਲਤੇ ਚਲਤੇ ਬਾਬਾ ਜੀ ਸੁਲਤਾਨਪੁਰਿ ਆਏ। ਪੈਂਤੀਸ ਬਰਸਾਂ ਕਾ ਅਰੁ ਛਿਆਂ ਸਾਢਿਆਂ ਮਾਹਾਂ ਦਾ ਜਬ ਹੋਆ ਤਬ ਆਇ, ਜੈ ਰਾਮ ਨੂੰ ਮਿਲੇ।"

ਅੱਗੇ ਲਿਖਿਆ ਹੈ ਕਿ ਬਾਬੇ ਨੂੰ ਘੋੜਿਆਂ ਤੇ, ਪੂਰੇ ਸਾਜੋ ਸਮਾਨ ਸਮੇਤ ਤਲਵੰਡੀਓ ਤੋਰਿਆ ਗਇਆ ਸੀ। । ਕਪੜੇ ਲੱਤੇ ਵਿਛੋਣਿਆਂ ਸਮੇਤ। ਹੋਰ ਛੁੱਟ-ਪੁਟ ਘਰ ਦਾ ਵਰਤੋਂ ਦਾ ਸਾਰਾ ਸਮਾਨ ਦਿੱਤਾ ਗਇਆ ਸੀ। ਪੂਰਾ ਤਲਵੰਡੀ ਪਿੰਡ, ਹਰ ਮਾਈ ਭਾਈ ਗੁਰੂ ਸਾਹਿਬ ਨੂੰ ਵਿਦਾ ਕਰਨ ਲਈ ਹਾਜਰ ਹੋਇਆ।

ਓਥੋਂ ਫਿਰ ਸਿੱਧੇ ਸੁਲਤਾਨਪੁਰ ਪੰਜਵੇ ਦਿਨ ਜਾ ਬੇਬੇ ਨਾਨਕੀ ਦੇ ਪੈਰੀ ਹੱਥ ਲਾਇਆ। ਇਤਹਾਸ ਵਿੱਚ ਆਉਦਾ ਹੈ ਕਿ ਬੇਬੇ ਨੇ ਇਸ ਗੱਲ ਤੇ ਬੁਰਾ ਮਨਾਇਆ ਤੇ ਆਪ ਗੁਰੂ ਸਾਹਿਬ ਦੇ ਚਰਨੀ ਲੱਗੀ। ਗੁਰੂ ਸਾਹਿਬ ਨੇ ਜਦੋਂ ਮਨ੍ਹਾ ਕੀਤਾ ਤਾਂ ਕਹਿਣ ਲੱਗੀ

"ਮੈਨੂੰ ਪਤਾ ਹੈ ਤੂੰ ਨਿਰਾ ਨਾਨਕ ਨਹੀ, ਤੈਨੂੰ ਤਾਂ ਨਿਰੰਕਾਰ ਨੇ ਕਿਸੇ ਕਾਰਜ ਲਈ ਭੇਜਿਆ ਹੈ। ਕਰ ਲੈਣ ਦੇ ਮੈਨੂੰ ਆਪਣਾ ਜਨਮ ਸਫਲ। ਲੱਗ ਲੈਣ ਦੇ ਮੈਨੂੰ ਤੇਰੇ ਚਰਨੀ।"

ਗੁਰੂ ਸਾਹਿਬ ਨੇ ਭੈਣ ਨੂੰ ਕਲਾਵੇ ਵਿੱਚ ਲਿਆ ਤੇ ਅਸੀਸ ਦਿੱਤੀ। ਭਾਈਆ ਜੈ ਰਾਮ ਨੇ ਵੀ ਬਾਬੇ ਨੂੰ ਪੂਰਾ ਆਦਰ ਸਤਿਕਾਰ ਦਿੱਤਾ।

ਸਾਖੀਆਂ ਵਿੱਚ ਆਉਂਦਾ ਹੈ ਕਿ ਭਾਈਆ ਜੀ ਨੇ ਵੀ ਗੁਰੂ ਸਾਹਿਬ ਨੂੰ ਮੱਥਾ ਟੇਕਿਆ। ਭਾਈਆ ਜੀ ਗੁਰੂ ਸਾਹਿਬ ਦੀ ਮਹਿਮਾ ਆਪਣੀ ਪਤਨੀ ਕੋਲੋਂ ਪਹਿਲਾਂ ਰੋਜ ਸੁਣਦਾ ਹੀ ਆਇਆ ਸੀ ਤੇ ਰਹਿੰਦੀ ਕਸਰ ਰਾਇ ਬਲੌਰ ਨੇ ਕੱਢ ਦਿੱਤੀ ਸੀ। ਭਾਈਆ ਜੀ ਨੇ ਬਾਬੇ ਨੂੰ ਦਿਲਾਸਾ ਦਿੱਤਾ ਕਿ ਇਥੇ ਵਾਧੂ ਨੌਕਰੀਆਂ ਨੇ। ਮੈਂ ਸਾਰੇ ਅਹਿਲਕਾਰਾਂ ਅਫਸਰਾਂ ਨਾਲ ਬਣਾ ਕੇ ਰੱਖੀ ਹੋਈ ਹੈ।

ਇਹ ਗੱਲਾਂ ਸੁਣ ਕੇ ਬੇਬੇ ਜੀ ਨੇ ਆਪਣਾ ਵਿਰੋਧ ਜਿਤਾ ਦਿੱਤਾ ਤੇ ਬੋਲੀ, "ਵੀਰ ਤੂੰ ਸਾਧੂ ਸੁਭਾਅ ਹੈ। ਦੋਸਤੀ ਵੀ ਤੇਰੀ ਸਾਧੂ ਸੰਤਾਂ ਨਾਲ ਹੈ। ਕਿਓ ਤੂੰ ਨੌਕਰੀ ਦੇ ਜੰਜਾਲ ਵਿੱਚ ਪੈਂਦਾ ਹੈ। ਤੇਰੇ ਜੋਗਾ ਸਾਡੇ ਕੋਲ ਵਾਧੂ ਰਿਜਕ ਹੈ। ਜੋ ਖਾਣੀ ਹੈ ਰੁੱਖੀ ਮਿੱਸੀ ਚੁੱਪ ਕਰਕੇ ਖਾਹ ਤੇ ਨਿਰੰਕਾਰ ਨਾਲ ਪ੍ਰੀਤ ਬਣਾਈ ਰੱਖ।"

ਗੁਰੂ ਸਾਹਿਬ ਤਾਂ ਬੇਬੇ ਜੀ ਦੇ ਇਸ ਸੁਝਾਅ ਤੇ ਚੁੱਪ ਰਹੇ ਪਰ ਮਾਤਾ ਸੁਲੱਖਣੀ ਨੇ ਇਸ ਦਾ ਵਿਰੋਧ ਕੀਤਾ।

ਭਾਈਏ ਜੈਰਾਮ ਨੇ ਫਿਰ ਬੇਬੇ ਨਾਨਕੀ ਨੂੰ ਸਮਝਾਇਆ ਕਿ ਭਲੀਏ ਲੋਕੇ ਨਾਨਕ ਸੋਹਣਾ ਕਾਰੋਬਾਰ ਕਰਦਾ ਹੈ। ਕੀ ਹੋਇਆ ਜੇ ਕਦੀ ਇਸ ਦੀ ਨਿਰੰਕਾਰ ਨਾਲ ਡੂੰਘੀ ਲਿਵ ਲੱਗ ਜਾਂਦੀ ਹੈ। ਵੇਖ ਨਾਂ ਇਹਦੇ ਨਾਲ ਮਰਦਾਨਾ ਹੈ ਉਹ ਆਪੇ ਮੌਕਾ ਸਾਂਭ ਲਿਆ ਕਰੇਗਾ। ਜਦੋਂ ਨਾਨਕ ਦਾ ਧਿਆਨ ਕਰਤਾਰ ਵਲ ਹੋਵੇਗਾ। ਬਾਕੀ ਮਾਲਕ ਤਾਂ ਚਾਹੁੰਦੇ ਨੇ ਕਿ ਓਨਾਂ ਦਾ ਮੁਲਾਜਮ ਇਮਾਨਦਾਰ ਹੋਵੇ। ਨਵਾਬ ਨੇ ਹੱਸ ਕੇ ਇਸ ਨੂੰ ਨੌਕਰੀ ਦੇਣੀ ਹੈ।

----◆-----

## ਮੋਦੀ ਦੀ ਪੋਸਟ ਵਾਸਤੇ ਬਾਬੇ ਦੀ ਇੰਟਰਵਿਊ

ਸਵੇਰੇ ਬਾਬਾ ਇੰਟਰਵਿਊ ਲਈ ਤਿਆਰ ਹੋਇਆ। ਵੇਈਂ ਵਿੱਚ ਜਾ ਕੇ ਇਸਨਾਨ ਕੀਤਾ। ਨਵੇਂ ਕਪੜੇ ਲਤੇ ਪਹਿਨੇ। ਭੈਣ ਨੇ ਭਰਾ ਦਾ ਪੂਰਾ ਟੌਹਰ ਕੱਢਿਆ। ਭਾਈਆ ਜੀ ਨੂੰ ਪਤਾ ਸੀ ਕਿ ਅੱਜ ਨਵਾਬ ਸ਼ਹਿਰ ਵਿੱਚ ਹੀ ਹੈ। ਇਤਹਾਸ ਤੋਂ ਸਾਫ ਜ਼ਾਹਿਰ ਹੈ ਕਿ ਨਵਾਬ ਦੌਲਤ ਖਾਂ ਭਾਈਆ ਜੈ ਰਾਮ ਨੂੰ ਚੰਗੀ ਤਰਾਂ ਪਛਾਣਦਾ ਸੀ। ਮਹਿਮਾ ਪ੍ਰਕਾਸ਼ ਵਿੱਚ ਤਾਂ ਲਿਖਿਆਂ ਹੈ ਕਿ ਜੈ ਰਾਮ ਦੀਵਾਨ ਸੀ ਨਵਾਬ ਦਾ। ਭਾਈਆ ਜੀ ਨੂੰ ਪਤਾ ਸੀ ਕਿ ਨਵਾਬ ਨੂੰ ਕਿਸੇ ਇਮਾਨਦਾਰ ਬੰਦੇ ਦੀ ਭਾਲ ਹੈ ਜੋ ਮੋਦੀ ਦਾ ਕੰਮ ਸੰਭਾਲ ਸਕੇ। ਸਵੇਰੇ ਸਵੇਰੇ ਹੀ ਭਾਈਆ ਜੀ ਬਾਬਾ ਨਾਨਕ ਨੂੰ ਨਾਲ ਲੈ ਕੇ ਕਿਲੇ ਅੰਦਰ ਪਹੁੰਚ ਗਏ। ਬਾਬਾ ਜੀ ਨੂੰ ਬਾਹਰ ਦਰਵਾਜੇ ਤੇ ਛੱਡ ਕੇ ਦਰਬਾਨ ਕੋਲੋਂ ਆਗਿਆ ਲੈ ਭਾਈਆ ਜੀ ਅੰਦਰ ਗਏ ਤੇ ਨਵਾਬ ਨੂੰ ਸਲਾਮ ਕੀਤੀ। ਸ਼ਾਹ ਨੂੰ ਬਾਬੇ ਨਾਨਕ ਬਾਰੇ ਦੱਸਿਆ। ਨਵਾਬ ਨੇ ਹੁਕਮ ਕਰ ਦਿੱਤਾ ਕਿ ਨਾਨਕ ਨੂੰ ਕਿਲੇ ਅੰਦਰ ਆਉਣ ਦਿੱਤਾ ਜਾਵੇ।

ਜਿਵੇ ਓਨੀ ਦਿਨੀ ਰਵਾਜ ਹੁੰਦਾ ਸੀ ਕਿ ਅਸਰ ਰਸੂਖ ਵਾਲੇ ਲੋਕ ਜਦੋਂ ਰਾਜੇ ਨੂੰ ਮਿਲਦੇ ਸਨ ਤਾਂ ਕੋਈ ਭੇਟ ਹਾਜਰ ਕਰਿਆ ਕਰਦੇ

ਖੋਜ ਲੇਖ

**ਸੁਲਤਾਨਪੁਰ ਲੋਧੀ 14 ਸਾਲ ਰਹੇ ਗੁਰੂ ਨਾਨਕ** -ਥਾਈਂ ਥਾਂਈਂ ਆਏ ਜਿਕਰਾਂ ਤੋਂ ਸਾਨੂੰ ਪਤਾ ਲਗਦਾ ਹੈ ਕਿ ਪਹਿਲੀਆਂ ਦੋ ਉਦਾਸੀਆਂ ਭਾਵ ਭਾਰਤ ਭਰਮਣ ਗੁਰੂ ਸਾਹਿਬ ਨੇ 12 ਸਾਲ ਵਿਚ ਪੂਰਾ ਕੀਤਾ। ਅੱਗੇ ਜਾ (ਪੁਰੀ, ਪੁਸ਼ਕਰ ਅਤੇ ਕਰਤਾਰਪੁਰ ਵਿਚ ਬਾਬਾ) ਵਿਚ ਅਸੀ ਦੇਖਾਂਗੇ ਕਿ 1518 ਈ ਵਿਚ ਦੂਸਰੀ ਉਦਾਸੀ ਸਮਾਪਤ ਹੁੰਦੀ ਹੈ। ਇਸ ਦਾ ਮਤਲਬ ਕਿ 1506 ਈ ਤੱਕ ਗੁਰੂ ਸਾਹਿਬ ਮੋਦੀਖਾਨੇ ਤੋਂ ਫਾਰਗ ਹੋ ਚੁੱਕੇ ਸਨ।

ਬਾਲਾ ਜਨਮਸਾਖੀ ਨੇ ਸੁਲਤਾਨਪੁਰ ਪਹੁੰਚਣ ਦੀ ਜੋ 17 ਸਾਲ ਦੀ ਉਮਰ ਦਿੱਤੀ ਹੈ ਉਹ ਕਿਸੇ ਵੀ ਤਰਾਂ ਸਹੀ ਨਹੀ। ਹਾਂ ਇਹ ਹੋ ਸਕਦਾ ਹੈ ਕਿ ਗੁਰੂ ਸਾਹਿਬ ਦਾ ਆਪਣੀ ਪਿਆਰੀ ਭੈਣ ਕੋਲ ਆਉਣਾ ਜਾਣਾ ਬਣਿਆ ਰਹਿੰਦਾ ਸੀ। ਬਾਲੇ ਵਾਲੀ ਜਨਮ ਸਾਖੀ ਵਾਲੇ ਨੇ ਲਿਖਿਆ ਹੈ ਕਿ ਬਾਬਾ ਮਾਘ ਸੁਦੀ ਤੀਜ ਸੰਮਤ 1543 (1486 ਈ.) ਨੂੰ ਹੀ ਸੁਲਤਾਨ ਪੁਰ ਲੋਧੀ ਪਹੁੰਚ ਗਇਆ ਸੀ। ਹੋ ਸਕਦੈ ਇਸ ਸਾਲ ਬਾਬਾ ਭੈਣ ਨਾਨਕੀ ਨੂੰ ਕਦੀ ਮਿਲਣ ਉਂਜ ਹੀ ਪਹਿਲਾਂ ਆਇਆ ਹੋਵੇ। ਨਾਲੇ ਏਡੀ ਛੋਟੀ ਉਮਰ ਵਿੱਚ ਗੁਰੂ ਸਾਹਿਬ ਨੂੰ ਮੋਦੀ ਦਾ ਜਿੰਮੇਵਾਰੀ ਵਾਲਾ ਅਹੁਦਾ ਬਿਨਾਂ ਤਜ਼ੱਰਬੇ ਤੋਂ ਮਿਲਣਾ ਅਸੰਭਵ ਜਿਹਾ ਲੱਗਦਾ ਹੈ। ਫਿਰ ਬਾਲਾ ਲਿਖਦਾ ਹੈ ਕਿ ਗੁਰੂ ਸਾਹਿਬ 14 ਸਾਲਾ ਸੁਲਤਾਨਪੁਰ ਰਹੇ। ਮਤਲਬ ਸੰਨ 1500 ਵਿਚ ਉਦਾਸੀਆਂ ਸ਼ੁਰੂ ਕੀਤੀਆਂ।

ਸੋਢੀ ਮਿਹਰਬਾਨ ਨੇ ਲਿਖਿਆ ਹੈ ਕਿ ਜਦੋਂ ਬਾਬੇ ਨੇ ਤਲਵੰਡੀ ਛੱਡੀ ਓਦੋਂ ਓਨਾਂ ਦੀ ਉਮਰ ਸਾਢੇ 35 ਸਾਲ ਸੀ। ਇਸ ਮੁਤਾਬਿਕ ਗੁਰੂ ਸਾਹਿਬ ਅਕਤੂਬਰ 1504 ਨੂੰ ਸੁਲਤਾਨ ਪੁਰ ਪਹੁੰਚੇ ਸਨ। ਇਸ ਨੇ ਹੋਰ ਲਿਖਿਆ ਹੈ ਓਦੋਂ ਤੱਕ ਬਾਬਾ ਸ੍ਰੀ ਚੰਦ (ਜਨਮ 1494 ਈ.) ਦਾ ਜਨਮ ਹੋ ਚੁੱਕਾ ਤੇ ਲਖਮੀ ਦਾਸ ਅਜੇ ਜੰਮਿਆ ਨਹੀ ਸੀ। ਇਥੇ ਦਿੱਤੀ ਤਾਰੀਖ ਕੁਝ ਭੰਬਲਭੂਸਾ ਖੜਾ ਕਰਦੀ ਹੈ। ਜਿਹੜਾ ਲਿਖਦਾ ਹੈ ਕਿ ਲਖਮੀ ਦਾਸ ਅਜੇ ਜੰਮਿਆ ਨਹੀ ਸੀ। ਲਖਮੀ ਦਾਸ ਦਾ ਜਨਮ ਮਾਰਚ 1497 ਦਾ ਪੰਥ ਵਿਚ ਪ੍ਰਵਾਨਤ ਹੈ। ਸੋ 1504 ਨੂੰ ਪਹੁੰਚਣ ਵਾਲਾ ਸੋਢੀ ਦਾ ਸਾਲ ਨਹੀ ਮੰਨਿਆ ਜਾ ਸਕਦਾ।

ਕੇਸਰ ਸਿੰਘ ਛਿੱਬੜ ਸਾਹਿਬ ਦਾ 14 ਸਾਲ ਦੀ ਉਮਰ (ਮਤਲਬ1483 ਈ) ਵਿਚ ਹੀ ਸੁਲਤਾਨਪੁਰ ਲੋਧੀ ਚਲੇ ਜਾਣਾ ਲਿੱਖ ਦਿੰਦਾ ਹੈ। ਜੋ ਕਿਸੇ ਵੀ ਤਰਾਂ ਮੰਨਿਆ ਨਹੀ ਜਾ ਸਕਦਾ। ਉਂਜ ਸਾਹਿਬਜਾਦਿਆਂ ਦੇ ਜਨਮ ਉਹ 1494 ਅਤੇ 1496 ਹੀ ਲਿਖਦਾ ਹੈ। ਫਿਰ ਅਗੇ ਉਹ ਅਜਿਹੀ ਗਲ ਲਿਖ ਦਿੰਦਾ ਹੈ ਜੋ ਮੰਨਣਯੋਗ ਨਹੀ ਕਿ ਗੁਰੂ ਸਾਹਿਬ ਲਖਮੀ ਚੰਦ ਦੇ ਵਿਆਹ ਤਕ ਇਕ ਉਦਾਸੀ ਵੀ ਕਰ ਆਏ ਸਨ। ਵਿਆਹ 1504 ਈ ਦਾ ਦੱਸਦਾ ਹੈ, 8 ਸਾਲ ਦੀ ਉਮਰ ਵਿਚ। ਓਸੇ ਸਾਲ ਹੀ ਉਹ ਮੱਕੇ ਮਦੀਨੇ ਵਾਲੀ ਉਦਾਸੀ ਤੇ ਜਾਣਾ ਲਿਖਦਾ ਹੈ। ਕਹਿਣ ਤੋਂ ਮਤਲਬ ਛਿੱਬੜ ਕਿਸੇ ਵੀ ਤਰਾਂ ਭਰੋਸੇਯੋਗ ਨਹੀ ਸਿਵਾਏ ਸ੍ਰੀ ਚੰਦ ਦਾ ਜਨਮ ਸਾਲ ਦੇਣ ਦੇ।

ਸਾਰੇ ਸਰੋਤ ਦੋਵਾਂ ਸਹਿਬਜਾਦਿਆਂ ਦਾ ਜਨਮ ਸੁਲਤਾਨਪੁਰ ਵਿਖੇ ਹੀ ਹੋਇਆ ਲਿਖਦੇ ਹਨ।

ਸੋਢੀ ਤੇ ਹੋਰ ਸਰੋਤਾਂ ਤੋਂ ਸਾਨੂੰ ਗੁਰੂ ਸਾਹਿਬ ਦੇ ਸੁਲਤਾਨਪੁਰ ਤੋਂ ਰਵਾਨਾ ਹੋਣ ਦਾ ਸਾਲ ਪਤਾ ਲੱਗ ਜਾਂਦਾ ਹੈ ਕਿ ਅੱਸੂ 1564 ਸੰਮਤ ਬਿ.ਮੁਤਾਬਿਕ 1507ਈ. ਹੈ। ਸੋਢੀ ਦੀ ਇਹ ਗੱਲ ਕਿ ਮੋਦੀਖਾਨਾ 1561ਬਿ. ਵਿੱਚ ਸੰਭਾਲਿਆ ਦਾ ਮਤਲਬ ਇਹ ਨਹੀ ਕਿ ਉਹ 1561ਬਿ. ਵਿੱਚ ਹੀ ਸੁਲਤਾਨ ਪੁਰ ਆਏ ਸਨ। ਸਾਹਿਬ ਸੁਲਤਾਨਪੁਰ ਪਹਿਲਾਂ ਆ ਚੁੱਕੇ ਸਨ ਜਾਂ ਆਉਣਾ ਜਾਣਾ ਬਣਿਆ ਰਹਿੰਦਾ ਸੀ। ਉਂਜ ਸਹਿਬਜਾਦਿਆਂ ਦਾ ਜਨਮ ਸੁਲਤਾਨਪੁਰ ਹੋਣਾ ਵੱਡੀ ਦਲੀਲ ਹੈ ਗੁਰੂ ਸਾਹਿਬ ਦਾ ਸੁਲਤਾਨਪੁਰ ਵਿਖੇ ਲੰਮੇ ਵਸੇਬੇ ਦਾ।

ਬੇਦੀ ਨੇ ਸਾਹਿਬਜਾਦਿਆਂ ਦਾ ਪਾਲਣ ਪੋਸਣ ਤਲਵੰਡੀ ਹੋਣਾਂ ਲਿਖਿਆ ਹੈ। ਹਾਲਾਂ ਉਹ ਮੰਨ ਰਿਹਾ ਹੈ ਕਿ ਜਨਮ ਸੁਲਤਾਨਪੁਰ ਹੋਇਆ ਸੀ। ਉਂਜ ਬੇਦੀ ਦੀ ਲਿਖਤ ਤੇ ਵੀ ਕਈ ਥਾਂਈ ਬਾਲਾ ਜਨਮਸਾਖੀ ਦਾ ਪ੍ਰਭਾਵ ਨਜਰ ਆਉਂਦਾ ਹੈ।

12 ਸਾਲ ਵਿਚ ਭਾਰਤ ਭਰਮਣ ਮੁੱਕਾ ਲੈਣਾ ਤੇ 1518/19 ਈ ਵਿਖੇ ਪੱਖੋਕੇ ਪਹੁੰਚਣਾ ਲੱਗ ਪੱਗ ਤਸਦੀਕ ਹੋ ਜਾਂਦਾ ਹੈ। ਸੋ ਇਸ ਪ੍ਰਕਾਰ ਗੁਰੂ ਸਾਹਿਬ ਦਾ ਸੁਲਤਾਨਪੁਰ ਛੱਡਣਾ 1507 ਦੇ ਸ਼ੁਰੂ ਵਿਚ ਹੀ ਬਣਦਾ ਹੈ।

ਗੁਰੂ ਸਾਹਿਬ ਦੀ ਜੰਞ ਦਾ ਸੁਲਤਾਨਪੁਰ ਰਾਂਹੀ ਜਾਣਾ, ਸਾਹਿਬਜਾਦਿਆਂ ਦਾ ਸੁਲਤਾਨਪੁਰ ਵਿਖੇ ਜਨਮ ਹੋਣਾ ਅਤੇ ਸੁਲਤਾਨਪੁਰ ਵਿਖੇ ਗੁਰੂ ਸਾਹਿਬ ਦਾ ਪੱਕਾ ਘਰ ਹੋਣਾ ਇਹ ਦੱਸਦਾ ਹੈ ਕਿ ਗੁਰੂ ਸਾਹਿਬ ਹਰ ਹਾਲਤ ਵਿਚ ਉਥੇ 2 ਸਾਲ ਤੋਂ ਜਿਆਦਾ ਹੀ ਰਹੇ ਹੋਣਗੇ। ਸੋ ਸਾਨੂੰ ਬਾਲੇ ਦੀ ਇਹ ਗਲ ਮੰਨਣੀ ਪਵੇਗੀ ਕਿ ਗੁਰੂ ਸਾਹਿਬ 14 ਸਾਲ ਸੁਲਤਾਨਪੁਰ ਲੋਧੀ ਰਹੇ। ਮਤਲਬ 1492 ਦੇ ਆਸ ਪਾਸ ਸਾਹਿਬ ਸੁਲਤਾਨਪੁਰ ਲੋਧੀ ਵਿਚ ਆ ਵਸੇ ਸਨ ਤੇ ਇਥੇ ਪਹਿਲਾਂ ਕੋਈ ਹੱਟੀ ਵਗੈਰਾ ਕਰਦੇ ਰਹੇ। ਹੱਟੀ ਦਾ ਚੰਗਾ ਤਜੱਰਬਾ ਹੋਣ ਦੇ ਬਾਦ ਹੀ ਫਿਰ ਸਾਹਿਬ ਨੂੰ ਮੋਦੀ ਦਾ ਜਿੰਮੇਵਾਰੀ ਵਾਲਾ ਅਹੁਦਾ ਮਿਲਦਾ ਹੈ।

ਸੁਲਤਾਨਪੁਰ ਲੋਧੀ ਵਿਖੇ ਫਿਰ ਬੜੀ ਤਾਕਤਵਰ ਪ੍ਰੰਪਰਾ ਜਿਸ ਅਨੁਸਾਰ ਗੁਰੂ ਸਾਹਿਬ ਦਾ ਵਿਆਹ ਅਤੇ ਦੋਵਾਂ ਬੱਚਿਆਂ ਦਾ ਜਨਮ ਇਥੇ ਹੋਣਾਂ ਦੱਸਿਆ ਜਾਂਦਾ ਹੈ। ਸਿਰਫ ਪ੍ਰੰਪਰਾ ਹੀ ਨਹੀ ਇਥੋਂ ਦੇ ਪੁਰਾਣੇ ਦਸਤਾਵੇਜ ਵੀ ਇਹੋ ਦਸਦੇ ਹਨ ਮਿਸਾਲ ਦੇ ਤੌਰ ਤੇ ਰਾਮ ਜਸ ਦੀ ਕਪੂਰਥਲਾ ਰਿਆਸਤ ਤੇ ਪੁਸਤਕ।

ਸੋ ਸੁਲਤਾਨਪੁਰ ਵਸੇਬਾ 1492ਈ. ਭਾਵ 23 ਸਾਲ ਦੀ ਉਮਰ ਵਿਚ ਅਤੇ ਇਥੋਂ ਰਵਾਨਗੀ 37/38 ਸਾਲ ਦੀ ਉਮਰ ਵਿਚ।

ਸਨ। ਬਾਬੇ ਨਾਨਕ ਨੇ ਫਿਰ ਅਰਬੀ ਘੋੜਾ ਪੂਰਾ ਸਜਾ ਸਵਾਰ, ਕਾਠੀ ਪਾ ਨਵਾਬ ਦੇ ਭੇਟ ਕੀਤਾ ਤੇ ਨਾਲ ਕੁਝ ਨਕਦੀ ਵੀ। ਨਵਾਬ ਨਾਨਕ ਨੂੰ ਵੇਖ ਅਤੇ ਗਲਬਾਤ ਕਰਨ ਉਪਰੰਤ ਬੜਾ ਪ੍ਰਸੰਨ ਹੋਇਆ। ਗੁਰੂ ਸਾਹਿਬ ਦੀ ਸ਼ਖਸ਼ੀਅਤ ਬਾਰੇ ਜਦੋਂ ਭਾਈਆਂ ਜੀ ਵਾਕਫੀਅਤ ਦੇ ਰਹੇ ਸਨ ਤਾਂ ਨਵਾਬ ਨੇ ਸਿੱਧੇ ਗੁਰੂ ਸਾਹਿਬ ਕੋਲੋਂ ਹੀ ਸਵਾਲ ਪੁੱਛਣੇ ਸ਼ੁਰੂ ਕਰ ਦਿੱਤੇ। ਪਰ ਓਹ ਦੋ ਜਹਾਨ ਦਾ ਵਾਲੀ ਕਦੋਂ ਸ਼ਰਮਾਉਣ ਜਾਂ ਝਕਣ ਵਾਲਾ ਸੀ। ਨਵਾਬ ਗੁਰੂ ਸਾਹਿਬ ਦੀ ਸ਼ਖਸੀਅਤ ਬਾਰੇ ਜਾਣ ਜਾਣ ਕੇ ਮੰਨ ਹੀ ਮੰਨ ਵਿੱਚ ਪ੍ਰਸੰਨ ਹੋ ਰਿਹਾ ਸੀ। ਓਹ ਮਹਿਸੂਸ ਕਰ ਰਿਹਾ ਸੀ ਕਿ ਜੇਹੋ ਜਿਹੇ ਬੰਦੇ ਦੀ ਉਨੂੰ ਮੋਦੀਖਾਨਾ ਸੰਭਾਲਣ ਵਾਸਤੇ ਜਰੂਰਤ ਹੈ ਉਹ ਉਹਦੇ ਸਾਹਮਣੇ ਖੜਾ ਹੈ। ਉਮੀਦਵਾਰ ਰਿਸ਼ਟ ਪੁਸ਼ਟ ਜਵਾਨ ਹੈ। ਪੜਿਆ ਲਿਖਿਆ ਹੈ ਫਾਰਸੀ, ਹਿੰਦਵੀ (ਪੰਜਾਬੀ), ਸੰਸਕ੍ਰਿਤ ਦਾ ਜਾਣੂ ਹੈ। ਕਾਰਦਾਰ ਦਾ ਪੂਰਾ ਕੰਮ ਜਾਣਦਾ ਹੈ। ਪਹਿਲਾਂ ਹੱਟੀ ਕਰਦਾ ਰਿਹਾ ਹੈ ਨਾਲੇ ਖੇਤੀ ਬਾੜੀ ਵੀ ਸੰਭਾਲਦਾ ਆਇਆ ਹੈ। ਸਭ ਤੋਂ ਵੱਡੀ ਸਿਫਤ (ਕੁਆਲੀਫਿਕੇਸ਼ਨ) ਇਹ ਕਿ, ਹੈ ਇਮਾਨਦਾਰ।



ਤੇਰਾ ਤੇਰਾ ਵਾਲਾ ਮੋਦੀ

ਨਵਾਬ ਨਾਲ ਹੌਲੀ ਹੌਲੀ ਗੱਲ ਬਾਤ ਦੇ ਦੌਰਾਨ ਗੱਲ ਰੁਹਾਨੀਅਤ ਤੇ ਅਪੜ ਗਈ ਜਿਸ ਕਰਕੇ ਨਵਾਬ ਦਾ ਗੁਰੂ ਸਾਹਿਬ ਲਈ ਦਿਲੋਂ ਸਤਿਕਾਰ ਹੋ ਗਿਆ। ਗੁਰੂ ਸਾਹਿਬ ਨੂੰ ਉਸ ਵੇਲੇ ਸੁਨਿਹਰੀ ਦੁਸ਼ਾਲੇ ਦਾ ਸਿਰੋਪਾ ਦਿੱਤਾ ਗਿਆ। ਅਗਲੇ ਦਿਨ ਤੋਂ ਮੋਦੀਖਾਨੇ ਦਾ ਚਾਰਜ ਗੁਰੂ ਨਾਨਕ ਨੂੰ ਸੌਂਪ ਦਿੱਤਾ ਗਿਆ। ਬਾਦ ਵੇਲਿਆਂ 'ਚ ਗੁਰੂ ਸਾਹਿਬ ਕੋਲੋਂ ਰੁਹਾਨੀਅਤ ਦੀਆਂ ਗੱਲਾਂ ਸੁਣ ਸੁਣ, ਵਕਤ ਪਾ ਕੇ ਨਵਾਬ ਤਾਂ ਗੁਰੂ ਨਾਨਕ ਦਾ ਮੁਰੀਦ ਹੀ ਬਣ ਗਿਆ।

----◆-----

## ਤੇਰਾ ਤੇਰਾ ਵਾਲਾ ਮੋਦੀ

ਗੁਰੂ ਨਾਨਕ ਦੇ ਜੀਵਨ ਤੇ ਜੋ ਜਨਮ ਸਾਖੀਆਂ ਮਿਲਦੀਆਂ ਹਨ ਓਹਨਾਂ ਵਿੱਚੋਂ ਜੋ ਸਭ ਤੋਂ ਪੁਰਾਣੀ ਹੈ ਉਹ ਵੀ ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਕੋਈ 100 ਸਾਲ ਬਾਦ ਦੀ ਹੀ ਲਿਖਤ ਹੈ। ਪਰ ਬਦਕਿਸਮਤੀ ਨਾਲ ਹਰ ਜਨਮ ਸਾਖੀ ਨੇ ਗੁਰੂ ਸਾਹਿਬ ਨੂੰ ਇਸ ਤਰਾਂ ਪੇਸ਼ ਕੀਤਾ ਹੈ ਜਿਵੇ ਕਿ ਗੁਰੂ ਸਾਹਿਬ ਪੱਕਾ ਸੰਨਿਆਸੀ ਹੋਵੇ ਕਿ ਉਹ ਕੋਈ ਕੰਮ ਕਰਕੇ ਰਾਜੀ ਹੀ ਨਹੀ ਸਨ। ਹਾਲਾਂ ਹਕੀਕਤ ਇਹ ਹੈ ਕਿ ਜੋ ਵੀ ਉਨਾਂ ਨੂੰ ਕੰਮ ਕਾਰ ਸੌਂਪਿਆਂ ਜਾਂਦਾ ਉਹ ਕਰਦੇ ਤੇ ਨਿਭਾਉਂਦੇ ਪਰ ਉਹ ਉਸਨੂੰ ਦੀਵਾਨਗੀ ਦੀ ਹੱਦ ਤੱਕ ਨਿਰਾ ਪੈਸਾ ਕਮਾਉਣ ਵਲ ਹੀ ਨਹੀ ਸਨ ਲੈ ਜਾਂਦੇ। ਓਨਾਂ ਦੇ ਵਿਹਾਰ ਵਿੱਚੋਂ ਮਿੰਟ ਮਿੰਟ ਤੇ ਮਾਨਵਤਾ ਪ੍ਰਤੀ ਸਨੇਹ ਦੀ ਖੁਸ਼ਬੂ ਆਉਦੀ ਹੈ। ਫਿਰ ਹੋਰ ਵੇਖੋ ਉਨਾਂ ਗ੍ਰਿਸਤ ਵੀ ਕੀਤੀ। ਨਿਰੀ ਕੀਤੀ ਹੀ ਨਹੀ ਬੱਚੇ ਵੀ ਪੈਦਾ ਕੀਤੇ। ਅਤੇ ਮੁਖ ਗੱਲ ਇਹ ਹੈ ਕਿ ਇਹੋ ਸਿਧਾਂਤ ਉਹਨਾਂ ਦੁਨੀਆਂ ਨੂੰ ਦਿੱਤਾ ਕਿ ਸਨਿਆਸ ਨਹੀ ਲੈਂਣਾ। ਗ੍ਰਿਸਤ ਵਿੱਚ ਰਹਿ ਕੇ ਨਿਰੰਕਾਰ ਨਾਲ ਪ੍ਰੇਮ ਨਿਭਾਉਣਾ ਹੈ। ਉਨਾਂ ਦੀ ਸਾਰੀ ਬਾਣੀ ਇਸ ਗੱਲ ਦੀ ਸ਼ਾਹਦੀ ਭਰਦੀ ਹੈ ਪਰ ਜਨਮ ਸਾਖੀਆਂ ਨੇ ਗੁਰੂ ਸਾਹਿਬ ਦੀ ਸ਼ਖਸੀਅਤ ਉਭਾਰਨ ਮੌਕੇ ਉਨਾਂ ਨਾਲ ਇਨਸਾਫ ਨਹੀ ਕੀਤਾ।



ਤੇਰਾ ਤੇਰਾ ਤੋਲਣ ਵਾਲੇ ਮੋਦੀ ਦੇ ਤੋਲ-ਵੱਟੇ

ਗੁਰੂ ਸਾਹਿਬ ਨੇ ਆਪਣੀ ਮੋਦੀ ਵਾਲੀ ਜਿੰਮੇਵਾਰੀ ਤਨ ਦੇਹੀ ਨਾਲ ਨਿਭਾਈ। ਗੁਰੂ ਸਾਹਿਬ ਮਨ੍ਹੇਰੇ ਅੰਮ੍ਰਿਤ ਵੇਲੇ ਉਠਦੇ। ਜੰਗਲ ਪਾਣੀ ਦਾਤਨ ਉਪਰੰਤ ਵੇਈਂ ਵਿੱਚ ਹੀ ਇਸ਼ਨਾਨ ਕਰਦੇ, ਚਾਹੇ ਠੰਡ ਹੋਵੇ ਜਾਂ ਗਰਮੀ। ਵੇਈ ਕੰਢੇ ਹੀ ਬਹਿ ਨਿਰੰਕਾਰ ਦਾ ਧਿਆਨ ਕਰਦੇ। ਸ਼ੁਕਰਾਨਾ ਕਰਦੇ, ਉਹਦੇ ਗੁਣ ਗਾਉਦੇ। ਦਿਨ ਚੜੇ ਫਿਰ ਘਰ ਪਰਤ ਜਾਂਦੇ। ਘਰ ਬੱਚਿਆਂ ਨੂੰ ਕੁਝ ਵਕਤ ਦੇਣ ਉਪਰੰਤ ਲੰਗਰ ਪਾਣੀ ਛੱਕ, ਵਕਤ ਸਿਰ ਆਪਣੀ ਮੋਦੀ ਦੀ ਡਿਊਟੀ ਤੇ

ਪੈੜ ਸਰ

**ਮੋਦੀਖਾਨਾ ਕੀ ਹੁੰਦੈ?–** ਪੰਜਾਬ ਵਿੱਚ ਅੰਗਰੇਜ ਰਾਜ ਹੋਣ ਤੋਂ ਪਹਿਲਾਂ ਹਾਲਾ (ਮਾਮਲਾ/ਰੈਵੇਨਿਊ) ਤੇ ਕਰ (ਟੈਕਸ) ਜਿਣਸ ਦੇ ਰੂਪ ਵਿੱਚ ਹੀ ਲਿਆ ਜਾਂਦਾ ਸੀ। ਲੋਧੀ ਹਕੂਮਤ ਕੁੱਲ ਪੈਦਾਵਾਰ ਦਾ ਪੰਜਵਾਂ ਹਿੱਸਾ ਹਾਲੇ ਵਜੋਂ ਉਗਰਾਂਹਉਦੀ ਸੀ। ਵਪਾਰੀ ਲੋਕ ਨਾਲੋ ਨਾਲ ਜਿਣਸ ਕਰੋੜੀਆਂ (ਟੈਕਸ ਕਲੈਕਟਰਾਂ) ਕੋਲੋ ਖਰੀਦ ਲੈਂਦੇ ਸਨ। ਕੁਦਰਤੀ ਹੈ ਸਾਰੀ ਤੇ ਹਰ ਪ੍ਰਕਾਰ ਦੀ ਜਿਣਸ ਨਾਲੋ ਨਾਲ ਨਹੀ ਸੀ ਵਿਕਦੀ, ਜਿਸ ਕਰਕੇ ਹਰ ਕਰੋੜੀਏ ਕੋਲ ਜਿਣਸ ਜਾਂ ਅਨਾਜ ਇਕੱਠਾ ਵੀ ਹੋ ਜਾਂਦਾ ਸੀ। ਕ੍ਰੋੜੀਆ ਫਿਰ ਇਸ ਨੂੰ ਅੱਗੇ ਰਾਜੇ ਤੱਕ ਪਹੁੰਚਾ ਦਿੰਦਾ ਸੀ। ਇਸ ਵਿੱਚ ਕਣਕ, ਝੋਨਾ, ਜੌਂ, ਛੋਲੇ, ਦਾਲਾਂ, ਘਿਉ, ਗੁੜ ਜਿਹੀਆਂ ਵਸਤਾਂ ਦੇ ਭੰਡਾਰ ਹੁੰਦੇ। ਇਸ ਭੰਡਾਰ (ਸਟੋਰ) ਨੂੰ ਜਿਹੜਾ ਬੰਦਾ ਸਾਂਭਦਾ ਤੇ ਅੱਗੇ ਜਾਰੀ ਕਰਦਾ ਸੀ ਉਹਨੂੰ ਮੋਦੀ ਜਾਂ ਭੰਡਾਰੀ ਕਿਹਾ ਜਾਂਦਾ ਸੀ। ਸਰਕਾਰ ਦੇ ਸਬੰਧਤ ਮਹਿਕਮਿਆਂ ਫੌਜ, ਮਹਿਲ ਆਦਿ ਨੂੰ ਰਸਦ ਜਾਰੀ ਕਰਨੀ, ਵਪਾਰੀਆਂ ਨੂੰ ਤੁਲਵਾ ਕੇ ਦੇਣੀ। ਮੋਦੀ ਹੀ ਨਵਾਬ ਦੀ ਨੀਤੀ ਜਾਂ ਹੁਕਮ ਮੁਤਾਬਿਕ ਜਿਣਸ ਭਿਖਾਰੀਆਂ ਨੂੰ ਅੱਗੇ ਵੰਡਦਾ ਸੀ। ਕਿਸਾਨਾਂ ਨੂੰ ਬੀਅ ਦੀ ਜਰੂਰਤ ਪੈਣ ਤੇ ਮੋਦੀ ਕੋਲੋ ਹੀ ਆ ਕੇ ਲੈਂਦੇ ਸੀ।

ਆਪਾਂ ਅੰਦਾਜ਼ਾ ਲਾ ਸਕਦੇ ਹਾਂ ਕਿ ਸੂਬੇ ਦਾ ਮੋਦੀ ਕਿੰਨਾ ਜਿੰਮੇਵਾਰ ਬੰਦਾ ਹੁੰਦਾ ਹੋਵੇਗਾ। ਗੁਰੂ ਨਾਨਕ ਨੂੰ ਦੌਲਤ ਖਾਂ ਨੇ ਮੋਦੀ ਹੀ ਤਾਂ ਨਿਯੁਕਤ ਕੀਤਾ ਹੋਇਆ ਸੀ।

ਅਜਿਹਾ ਕੰਮ ਕੋਈ ਤਜੱਰਬੇਕਾਰ ਤੇ ਪੜ੍ਹਿਆ ਲਿਖਿਆ ਹੀ ਕਰ ਸਕਦਾ ਹੈ ਜੋ ਜਿੰਮੇਵਾਰੀ ਵੀ ਸਮਝਦਾ ਹੋਵੇ। ਇਸ ਅਹੁਦੇ ਦੀ ਜੇ ਅੱਜ ਨਾਲ ਤੁਲਨਾ ਕਰਨੀ ਹੈ ਤਾਂ ਸੁਲਤਾਨਪੁਰ ਦਾ ਮੋਦੀ ਪੰਜਾਬ ਦੇ ਅੱਜ ਦੇ ਮੰਤਰੀ ਦੇ ਬਰਾਬਰ ਸੀ। ਪਰ ਯਾਦ ਰੱਖਣਾ ਓਦੋਂ ਜੀਵਨ ਸਾਦਾ ਸੀ। ਅਬਾਦੀ ਬਹੁਤ ਥੋੜੀ ਸੀ। ਅਫਸਰ ਲੋਕ ਅਕਸਰ ਹੱਥੀ ਕੰਮ ਕਰਿਆ ਕਰਦੇ ਸਨ।



ਮੋਦੀਖਾਨੇ ਵਾਲੀ ਥਾਂ ਤੇ ਅੱਜ ਬਣਿਆ ਗੁਰਦੁਆਰਾ ਹੱਟ ਸਾਹਿਬ

ਹਾਜਰ ਹੋ ਜਾਂਦੇ।

ਸੁਲਤਾਨਪੁਰ ਲੋਧੀ ਵਿਖੇ ਗੁਰੂ ਸਾਹਿਬ ਦਾ ਆਪਣਾ ਘਰ ਸੀ। ਇਹ ਬੇਬੇ ਨਾਨਕੀ ਦੇ ਘਰ ਤੋਂ ਕੋਈ ਅੱਧਾ ਕਿਲੋਮੀਟਰ ਹਟਵਾਂ ਸੀ। ਓਥੇ ਹੁਣ ਗੁਰਦੁਆਰਾ ਸਾਹਿਬ ਗੁਰੂ ਕਾ ਬਾਗ ਦੀ ਨਵੀ ਇਮਾਰਤ ਬਣ ਰਹੀ ਹੈ। ਖੁਦਾਈ ਦੌਰਾਨ ਇੱਕ ਸਿਲਲੇਖ ਮਿਲਿਆ ਹੈ ਜਿਸ ਵਿੱਚ ਲਿਖਿਆ ਹੈ, "ਸਤਗੁਰੁ ਸਹਾਇ"। ਲਿਖਤ ਦੀ ਲਿਪੀ ਸਾਫ ਤੌਰ ਤੇ 4-5 ਸੌ ਸਾਲ ਪੁਰਾਣੀ ਲਗਦੀ ਹੈ।

ਕੁਦਰਤੀ ਹੈ ਕਿ ਨਵੇ ਮੋਦੀ ਦੀ ਕਾਰਜਸ਼ੈਲੀ ਦੀ ਖੁਸ਼ਬੂ ਤਾਂ ਦੂਰ ਦੂਰ ਉਠਣੀ ਸੀ। ਜੋਖਣ ਵੇਲੇ ਬਾਬਾ ਕੋਈ ਕਾਟ ਨਾਂ ਕਰਦਾ, ਜੋ ਓਨੀ ਦਿਨੀ ਮੋਦੀ ਕਰਦੇ ਸਨ। ਤੋਲ ਵੀ ਨੀਉਦਾ ਹੁੰਦਾ। ਸਭ ਤੋਂ ਵੱਡੀ ਗੱਲ ਇਸ ਅਫਸਰ ਦੀ ਜੁਬਾਨ ਮਾਖਿਓ ਨਾਲੋਂ ਵੀ ਮਿੱਠੀ ਹੁੰਦੀ। ਜਿੱਥੇ ਸਰਕਾਰੀ ਨਿਯਮਾਂ ਅਨੁਸਾਰ ਕਿਸੇ ਨੂੰ ਮਦਦ ਨਹੀ ਸੀ ਦਿੱਤੀ ਜਾ ਸਕਦੀ ਓਥੇ ਆਪਣੇ ਪੇਟੇ ਪਾ ਕੇ ਅਗਲੇ ਮਜਬੂਰ ਬੰਦੇ ਦਾ ਬੁੱਤਾ ਸਾਰਦੇ। ਤਨਖਾਹ ਦਾ ਬਹੁਤਾ ਹਿੱਸਾ ਅਨਾਜ ਵਿੱਚ ਹੀ ਮੁੱਕ ਜਾਂਦਾ। ਓਧਰ ਮਾਤਾ ਸੁਲੱਖਣੀ ਦੇ ਵੀ ਬਹੁਤੇ ਸ਼ੌਕ ਨਹੀ ਸਨ ਰਹਿ ਗਏ। ਉਹ ਵੀ ਰੁੱਖੀ ਸੁੱਖੀ ਖਾਣ ਵਿੱਚ ਸੰਤੁਸ਼ਟ ਸੀ। ਉਹ ਵੀ ਗੁਰੂ ਨੂੰ ਰੱਬ ਹੀ ਮੰਨਦੀ ਸੀ। ਪਰ ਨਾਲ ਹੀ ਪਤੀ ਵਲੋਂ ਜੋ ਜਿੰਮੇਵਾਰੀਆਂ ਹੁੰਦੀਆਂ ਉਨਾਂ ਦੀ ਉਮੀਦ ਰੱਖਦੀ ਸੀ।

ਭੰਡਾਰ ਵਿੱਚ ਜਦੋਂ ਆਵਾਜਾਈ ਨਾਂ ਹੋਣੀ ਤਾਂ ਫਿਰ ਬਾਬੇ ਹੁਰਾਂ ਓਥੇ ਹੀ ਨਿਰੰਕਾਰ ਦਾ ਭਜਨ ਗਾਉਣ ਲੱਗ ਜਾਣਾ। ਸਤਸੰਗੀ ਵੀ ਜੁੜੇ ਰਹਿੰਦੇ ਸਨ। ਪਤਾ ਨਹੀ ਸੀ ਲੱਗਦਾ ਕਿ ਸਤਸੰਗ ਘਰ ਹੈ ਕਿ ਭੰਡਾਰ। "ਤੂੰ ਹੀ ਨਿਰੰਕਾਰ" "ਧੰਨ ਨਿਰੰਕਾਰ" "ਸਤਿ ਕਰਤਾਰ" ਦੇ ਅਵਾਜ਼ੇ ਦੀ ਗੂੰਜ ਦੂਰ ਦੂਰ ਤੱਕ ਸੁਣਾਈ ਦਿੰਦੀ। ਕਿਲ੍ਹੇ ਵਿੱਚ ਲੋਕ ਕਈ ਹੱਸਦੇ। ਪਰ ਜਿੰਨਾਂ ਨੂੰ ਪਤਾ ਲੱਗ ਚੁੱਕਾ ਸੀ ਕਿ ਮੋਦੀ ਕੋਈ ਇਲਾਹੀ ਨੂਰ ਹੈ ਉਹ ਦੂਰੋਂ ਹੀ ਸਿਜਦਾ ਕਰਦੇ। ਕਈ ਵਾਰੀ ਲੋਕਾਂ ਨੇ ਸ਼ਕਾਇਤ ਕੀਤੀ ਕਿ ਕਦੀ ਨਾਨਕ ਜੋਖਦਾ ਜੋਖਦਾ ਗਿਣਤੀ ਹੀ ਭੁਲ ਜਾਂਦਾ ਹੈ ਤੇ ਬਸ "ਤੇਰਾ, ਤੇਰਾ" ਹੀ ਕਰੀ ਜਾਂਦਾ ਹੈ। ਮਾਲ ਪੂਰਾ ਹੋਣ ਤੇ ਅਗਲੇ ਆਪੇ ਬਸ ਕਰਾ ਦਿੰਦੇ। ਗਿਣਤੀ ਕੁਝ ਇਸ ਤਰਾਂ ਹੋਇਆ ਕਰਦੀ ਸੀ: ਬਰਕਤ (1), ਵਾਧੇ (2), 3 ਵਾਲੀ ਗਿਣਤੀ ਜਦੋਂ ਤੇਰਾਂ ਤੇ ਪਹੁੰਚਦੀ ਤਾਂ ਮੋਦੀ ਨੂੰ ਆਪਣੇ ਮਾਲਕ ਦੀ ਯਾਦ ਆ ਜਾਣੀ। ਕਿ ਮੈਂ ਤਾਂ ਤੇਰਾ ਹੀ ਹਾਂ, ਤੇਰਾ। ਤੇ ਬਸ ਤਕੜੀ ਤੇ 13 ਹੀ 13 ਤੋਲੀ ਜਾਇਆ ਕਰਨ, ਦੁਹਰਾਈ ਜਾਏ ਕਰਨ। ਧਾਰਨ ਦੀ ਗਿਣਤੀ ਅੱਗੇ ਤੁਰਿਆ ਹੀ ਨਾਂ ਕਰੇ।

ਪੂਰੇ ਇਲਾਕੇ ਵਿੱਚ ਨਾਨਕ ਮੋਦੀ ਦੀ ਸੋਹਬਤ ਫੈਲ ਗਈ। ਕਿਉਕਿ ਜੇ ਮੁਲਾਜਮ ਨੇਕ ਈਮਾਨਦਾਰ ਹੋਵੇ ਤਾਂ ਇਹਦਾ ਫਾਇਦਾ ਮਾਲਕ ਨੂੰ ਮਿਲਦਾ ਹੈ। ਨਵਾਬ ਦੌਲਤ ਖਾਂ ਨਾਨਕ ਦੇ ਵਿਹਾਰ ਤੋਂ ਬਾਗੋ ਬਾਗ ਸੀ।

----◆-----

**ਦੌਲਤ ਖਾ ਲੋਧੀ** ●- ਮੋਟੇ ਤੌਰ ਤੇ ਹਿੰਦੁਸਤਾਨ ਤੇ ਸੰਨ 1526 ਤੋਂ 1857 ਤਕ ਮੁਗਲ ਖਾਨਦਾਨ ਦੀ ਹਕੂਮਤ ਰਹੀ ਹੈ। ਇਸ ਹਕੂਮਤ ਦਾ ਬੀ ਬੀਜਣ ਵਾਲਾ ਹੋਰ ਕੋਈ ਨਹੀ ਸਗੋਂ ਸੁਲਤਾਨਪੁਰ ਦਾ ਦੌਲਤ ਖਾਨ ਲੋਧੀ ਸੀ ਜਿਸ ਨੇ ਬਾਬਰ ਨੂੰ ਨਿਓਤਾ ਭੇਜਿਆ ਕਿ ਹਿੰਦੁਸਤਾਨ ਤੇ ਹਮਲਾ ਕਰ ਮੈਂ ਤੇਰੀ ਮਦਦ ਕਰਾਂਗਾ। ਸਿੱਖ ਇਤਹਾਸ ਦਾ ਦਾਵਾ ਹੈ ਕਿ ਦੌਲਤ ਖਾਂ ਦਾ ਧਰਮ ਗੁਰੂ, ਬਾਬਾ ਨਾਨਕ ਸੀ। ਸਿੱਖ ਇਤਹਾਸ ਆਉਦਾ ਹੈ ਕਿ ਖੁੱਦ ਗੁਰੂ ਸਾਹਿਬ 1520 ਈ. ਵਿਚ ਕਾਬੁਲ ਗਏ ਤੇ ਬਾਬਰ ਨੂੰ ਭਾਰਤ ਤੇ ਹਮਲੇ ਲਈ ਉਤਸ਼ਾਹ ਦਿੱਤਾ।



ਸੁਲਤਾਨਪੁਰ ਵਿਖੇ ਜਿਥੇ ਗੁਰੂ ਸਾਹਿਬ ਦੀ ਰਹਾਇਸ਼ ਹੋਇਆ ਕਰਦੀ ਸੀ ਭਾਵ ਗੁਰਦੁਆਰਾ ਗੁਰੁ ਕਾ ਬਾਗ ਉਥੇ ਹੁਣੇ ਹੁਣੇ ਚੰਗਾ ਭਲਾ ਗੁਰਦੁਆਰਾ ਢਾਹ ਕੇ ਦੁਬਾਰਾ ਬਣਾਇਆ ਜਾ ਰਿਹਾ ਹੈ। ਇਥੇ ਨੀਹਾਂ ਦੀ ਖੁਦਾਈ ਦੌਰਾਨ ਕੁਝ ਭਾਂਡੇ ਅਤੇ ਪੱਕੀ ਇੱਟ ਉਤੇ ਸਿਲਲੇਖ ਮਿਲਿਆ ਹੈ ਜਿਸ ਵਿੱਚ ਲਿਖਿਆ ਹੈ, "ਸਤਗੁਰੁ ਸਹਾਇ"। ਲਿਖਤ ਦੀ ਲਿੱਪੀ ਸਾਫ ਤੌਰ ਤੇ 4-5 ਸੌ ਸਾਲ ਪੁਰਾਣੀ ਲਗਦੀ ਹੈ। ਕੁਦਰਤੀ ਹੈ ਕਿ ਇਹ ਇੱਟ ਨਿਵਾਸ ਅਸਥਾਨ ਦੀ ਕੰਧ ਤੇ ਬਾਹਰਲੇ ਪਾਸੇ ਹੁੰਦੀ ਹੋਵੇਗੀ।

ਦੌਲਤ ਸਲਤਨਤ ਵੇਲੇ ਸੁਲਤਾਨਪੁਰ ਦਾ ਸੂਬਾ ਭਾਵ ਗਵਰਨਰ ਸੀ। ਸੂਬਾ ਮਤਲਬ ਪੂਰੇ ਇਲਾਕੇ ਦਾ ਉਹ ਰਾਜਾ ਸੀ ਜਿਸ ਦੇ ਮੁਤਾਹਿਤ ਕਈ ਹੋਰ ਰਾਜੇ ਤੇ ਅਨੇਕਾਂ ਜਗੀਰਦਾਰ ਸਨ। ਪਰ ਹੁੰਦਾ ਉਹ ਦਿੱਲੀ ਦੇ ਬਾਦਸ਼ਾਹ ਦੇ ਮੁਤਾਹਿਤ ਹੀ ਸੀ। ਹਕੂਮਤ ਹਰ ਤਰਾਂ ਨਾਲ ਸਥਾਨਕ ਹੁੰਦੀ ਸੀ ਤੇ ਦਿੱਲੀ ਵਾਲੇ ਨੂੰ ਉਹ ਸਲਾਨਾ ਵੱਡੀ ਰਕਮ ਭੇਜਦਾ ਤੇ ਲੜਾਈ ਮੌਕੇ ਆਪਣੀ ਫੌਜ ਤੇ ਖੁੱਦ ਨਵਾਬ ਨਾਲ ਹੋ ਕੇ ਲੜਦੇ।

ਬਾਬਰ ਦੀ ਸਵੈਜੀਵਨੀ ਅਨੁਸਾਰ ਦੌਲਤ ਖਾਨ ਲੋਧੀ ਪੰਜਾਬ ਦੇ ਹੁਕਮਰਾਨ ਤਾਤਾਰ ਖਾਂ ਲੋਧੀ ਦਾ ਪੁੱਤਰ ਸੀ। ਬਾਦਸ਼ਾਹ ਬਾਬਰ ਨੇ ਆਪਣੀ ਜੀਵਨੀ ਵਿੱਚ ਲਿਖਿਆ ਹੈ ਕਿ ਬਹਿਲੋਲ ਲੋਧੀ ਨੂੰ



ਤਸਵੀਰ ਨੈਟ ਤੋਂ ਲਈ ਹੈ। ਤਸਵੀਰ ਹੇਠਾਂ ਦੌਲਤ ਖਾਂ ਲੋਧੀ ਲਿਖਿਆ ਹੈ। ਉਮੀਦ ਹੈ ਇਹ ਸੁਲਤਾਨ ਪੁਰ ਦੇ ਨਵਾਬ ਦੀ ਹੀ ਜਵਾਨੀ ਵੇਲੇ ਦੀ ਹੀ ਤਸਵੀਰ ਹੈ। ਜਵਾਨੀ ਵੇਲੇ ਵੀ ਦੌਲਤ ਦੀ ਚੰਗੀ ਚੜ੍ਹਤ ਹੋਵੇਗੀ ਕਿਉਕਿ ਇਸ ਦਾ ਪਿਤਾ ਸੂਬੇ ਦਾ ਗਵਰਨਰ ਸੀ। ਬਾਬਰ ਦੇ ਹਮਲੇ ਵੇਲੇ ਦੌਲਤ ਦੀ ਵੱਡੀ ਉਮਰ ਸੀ: ਅੰਦਾਜ਼ਨ 75-80 ਸਾਲ।

ਦਿੱਲੀ ਦੇ ਤਖਤ ਤੇ ਬਿਠਾਉਣ ਵਾਲਾ ਤਾਤਾਰ ਖਾਂ ਹੀ ਸੀ। ਇਸ ਤੋਂ ਪਹਿਲਾਂ ਤਾਤਾਰ ਨੇ 1470 ਦੇ ਨੇੜੇ ਜਦੋਂ ਮੁਲਤਾਨ ਦੇ ਰਾਜੇ ਸ਼ਾਹ ਹੁਸੈਨ (ਪੁੱਤਰ ਕੁਤੁਬੁਦੀਨ ਲੰਗਾਹ) ਨੇ ਗਾਜ਼ੀ ਖਾਂ ਕੋਲੋ ਸ਼ੋਰਕੋਟ ਦੀ ਰਿਆਸਤ ਖੋਹ ਲਈ ਤਾਂ ਦਿੱਲੀ ਸੁਲਤਾਨ (ਬਹਿਲੋਲ) ਲੋਧੀ ਨੇ ਆਪਣੇ ਪੁੱਤਰ ਬਰਬਕ ਖਾਂ ਨੂੰ ਸ਼ੋਰਕੋਟ ਭੇਜਿਆ ਤੇ ਤਾਤਾਰ ਖਾਂ ਨੂੰ ਹੁਕਮ ਕੀਤਾ ਕਿ ਉਹ ਆਪਣੀ ਪੰਜਾਬ ਦੀ ਸੈਨਾ ਨਾਲ ਬਰਬਕ ਦੀ ਮਦਦ ਕਰੇ ਤੇ ਸ਼ਾਹ ਹੁਸੈਨ ਦਾ ਕੰਮ ਤਮਾਮ ਕਰ ਦੇਣ। ਪਰ ਬਰਬਕ ਤੇ ਤਾਤਾਰ ਨਾਕਾਮ ਰਹੇ ਸਨ ਤੇ ਦਿੱਲੀ ਸੁਲਤਾਨ ਨੂੰ ਸਬਰ ਦਾ ਘੁੱਟ ਪੀਣਾ ਪਿਆ ਸੀ। ਤਾਰੀਖ ਤੋਂ ਹੋਰ ਪਤਾ ਲੱਗਦਾ ਹੈ ਕਿ ਤਾਤਾਰ ਖਾਂ ਨੇ ਇਕ ਵਾਰੀ ਬਹਿਲੋਲ ਦੇ ਅੰਬਾਲੇ ਲਾਗਲੇ ਖਾਲਸਾ ਇਲਾਕੇ ਤੇ ਕਬਜਾ ਕਰ ਲਿਆ। ਬਹਿਲੋਲ ਨੇ ਆਪਣੇ ਪੁੱਤਰ ਸਿਕੰਦਰ ਦੀ ਕਮਾਂਡ ਹੇਠ 1485ਈ 'ਚ ਫੌਜ ਘੱਲੀ। ਤਾਤਾਰ ਖਾਂ ਅੰਬਾਲੇ ਲਾਗੇ ਮਾਰਿਆ ਗਿਆ।

ਇਸ ਤੋਂ ਬਾਦ ਲੱਗਦੈ ਦੌਲਤ ਖਾਂ ਲੋਧੀ ਕੋਲ ਲਹੌਰ ਦਾ ਸੂਬਾ ਵੀ ਆ ਗਿਆ। ਓਨੀ ਦਿਨੀ ਜਰੂਰੀ ਨਹੀ ਸੀ ਹੁੰਦਾ ਕਿ ਜੇ ਪਿਤਾ ਦੀ ਸੁਲਤਾਨ ਨਾਲ ਦੁਸ਼ਮਣੀ ਹੈ ਤਾਂ ਕਿ ਪੁੱਤਰ ਵੀ ਦੁਸ਼ਮਣ ਹੈ। ਕਿਉਕਿ ਏਸੇ ਦੌਲਤ ਦੇ ਪੁੱਤਰ ਨੇ ਕਿਸੇ ਵੇਲੇ ਆਪਣੇ ਪਿਤਾ ਦੇ ਖਿਲਾਫ ਬਾਬਰ ਦੀ ਮਦਦ ਕੀਤੀ ਸੀ। ਪਰ ਅੰਦਰ ਖਾਤੇ ਦੋਵੇ ਪਾਸੇ ਵਫਾਦਾਰੀ ਬਾਬਤ ਸ਼ੱਕ ਤਾਂ ਰਹਿੰਦਾ ਹੀ ਸੀ।

ਦੌਲਤ ਖਾਂ ਲੋਧੀ ਦੀ ਕਿਸਮਤ ਕੁਝ ਅਜਿਹੀ ਕਿ ਉਹਦੀ ਬਾਦਸ਼ਾਹ ਇਬਰਾਹੀਮ ਲੋਧੀ ਨਾਲ ਨਹੀ ਸੀ ਬਣਦੀ। ਉਨੂੰ ਹਮੇਸ਼ਾਂ ਸ਼ੱਕ ਰਹਿੰਦਾ ਸੀ ਕਿ ਸੁਲਤਾਨ ਕਦੀ ਵੀ ਉਹਦਾ ਤਖਤਾ ਪਲਟ ਦੇਵੇਗਾ। ਸੁਚੇਤ ਰਹਿਣ ਖਾਤਰ ਦੌਲਤ ਨੇ ਆਪਣੇ ਮੁੰਡੇ ਗਾਜ਼ੀ ਖਾਂ ਨੂੰ ਦਿੱਲੀ ਬੈਠਾਇਆ ਹੋਇਆ ਸੀ ਕਿ ਸਾਰਾ ਧਿਆਨ ਰੱਖੇ। ਗਾਜ਼ੀ ਨੇ ਇਕ ਵੇਰਾਂ ਇਤਲਾਹ ਦੇ ਦਿੱਤੀ ਕਿ ਗੁਜਰਾਤ ਤੋਂ ਪਰਤ ਕੇ ਸੁਲਤਾਨ ਨੇ ਤੁਹਾਡਾ ਤਖਤਾ ਪਲਟ ਦੇਣਾ ਹੈ ਤੇ ਕਿਸੇ ਹੋਰ ਨੂੰ ਲਹੌਰ ਦਾ ਸੂਬਾ ਬਣਾ ਦੇਣਾ ਹੈ। ਦੌਲਤ ਖਾਂ ਨੇ ਆਪਣੀ ਤਿਆਰੀ ਅਰੰਭ ਦਿੱਤੀ ਤੇ ਨਾਲ ਹੀ ਗੁਪਤ ਏਲਚੀ ਅਫਗਾਨਿਸਤਾਨ ਬਾਦਸ਼ਾਹ ਬਾਬਰ ਕੋਲ ਭੇਜੇ ਕਿ ਜੇ ਤੂੰ ਹਿੰਦੋਸਤਾਨ ਤੇ ਹਮਲਾ ਕਰੇ ਤਾਂ ਮੈ ਤੇਰੀ ਮਦਦ ਕਰਾਂਗਾ।

ਅੰਨਾ ਕੀ ਭਾਲੇ ਦੋ ਅੱਖੀਆਂ। ਬਾਦਸ਼ਾਹ ਬਾਬਰ ਨੇ ਪਹਿਲਾਂ 1519 'ਚ ਪੰਜਾਬ ਤੇ ਹਮਲਾ ਕੀਤਾ ਫਿਰ 1524 ਈ. ਨੂੰ ਆਪਣੀ ਫੌਜ ਭੇਜ ਕੇ ਦੀਪਾਲ ਪੁਰ ਤੇ ਲਹੌਰ ਤੇ ਕਬਜਾ ਕਰ ਲਿਆ। ਦੋਵੇ ਵੇਰੀ ਮੋਟੀ ਰਕਮ ਇਧਰੋਂ ਉਗਰਾਹ ਕੇ ਲੈ ਗਇਆ। ਪਰ ਬਾਬਰ ਨੇ ਦੌਲਤ ਖਾਂ ਨਾਲ ਵੀ ਬੇਇਨਸਾਫੀ ਕਰ ਦਿੱਤੀ ਤੇ ਲਹੌਰ ਆਦਿ ਵੱਡੇ ਇਲਾਕੇ ਦੌਲਤ ਕੋਲੋਂ ਖੋਹ ਸਿਰਫ ਸੁਲਤਾਨਪੁਰ ਤੇ ਜਲੰਧਰ ਹੀ ਦੌਲਤ ਕੋਲ ਰਹਿਣ ਦਿੱਤੇ। ਇਸ ਤੇ ਦੌਲਤ ਨੂੰ ਬੜਾ ਵੱਟ ਚੜਿਆ ਤੇ ਉਹ ਬਾਬਰ ਦੇ ਵਿਰੋਧ ਵਿੱਚ ਆ ਗਿਆ। ਦੂਸਰੇ ਪਾਸੇ ਦੌਲਤ ਖਾਂ ਦੇ ਇੱਕ ਹੋਰ ਪੁੱਤਰ ਦਿਲਾਵਰ ਖਾਂ ਨੇ ਪਿਓ ਨਾਲ ਹੀ ਗੱਦਾਰੀ ਕਰ ਦਿੱਤੀ ਤੇ ਉਹ ਬਾਬਰ ਦੇ ਨਾਲ ਜਾ ਮਿਲਿਆ ਤੇ ਬਾਬਰ ਨੇ ਦੌਲਤ ਦੀ ਥਾਂ ਦਿਲਾਵਰ ਨੂੰ ਹੀ ਸੁਲਤਾਨਪੁਰ ਦਾ ਗਵਰਨਰ ਨਿਯੁਕਤ ਕਰ ਦਿੱਤਾ। ਦਿਲਾਵਰ ਨੂੰ ਖਿਤਾਬ ਵੀ ਦਿੱਤਾ ਖਾਨ-ਖਾਨਾ ਭਾਵ ਖਾਨਾਂ ਦਾ ਵੀ ਖਾਨ।

ਬਾਬਰ ਦੇ ਪੰਜਾਬ ਆਉਣ ਪਿੱਛੋ ਅਫਗਾਨਿਸਤਾਨ ਵਿੱਚ ਉਜ਼ਬੇਕਾਂ ਨੇ ਬਗਾਵਤ ਕਰ ਦਿੱਤੀ। ਬਾਬਰ ਅਫਗਾਨਿਸਤਾਨ ਪਰਤ ਗਿਆ। ਪਿੱਛੇ ਲਹੌਰ ਵਾਸਤੇ ਉਸ ਨੇ ਆਲਮ ਖਾਂ ਨੂੰ ਬੈਠਾ ਦਿੱਤਾ। ਤੀਸਰਾ ਬਾਬਰ ਦੀਆਂ ਫੌਜਾਂ ਨੇ ਦਿੱਲੀ ਦੀ ਘੇਰਾਬੰਦੀ ਕੀਤੀ ਹੋਈ ਸੀ। ਆਲਮ ਖਾਂ ਨੂੰ ਦਿੱਲੀ ਵਾਲੀ ਜਿੰਮੇਵਾਰੀ ਵੀ ਸੌਂਪ ਦਿੱਤੀ। ਜਦੋਂ ਦੌਲਤ ਖਾਂ ਨੇ ਵੇਖਿਆਂ ਕਿ ਬਾਬਰ ਮਜਬੂਰ ਹੈ ਤਾਂ ਦੌਲਤ ਨੇ ਫਿਰ ਦੋਸਤੀ ਦਾ ਹੱਥ ਵਧਾਇਆ। ਲਹੌਰ ਦੇ ਹਾਕਮ ਆਲਮ ਖਾਂ ਨੇ ਦੌਲਤ ਨੂੰ ਸੁਲਤਾਨ ਪੁਰ ਵਾਪਸ ਕਰ ਦਿੱਤਾ ਤੇ ਉਹਦੇ ਪੁੱਤਰ ਖਾਨ ਖਾਨਾ ਤੇ ਹਾਜੀ ਖਾਂ ਨੂੰ ਦਿੱਲੀ ਦੇ ਯੁੱਧ ਵਲ ਰਵਾਨਾ ਕਰ ਦਿੱਤਾ।

ਓਧਰ ਆਲਮ ਖਾਂ ਦੀ ਫੌਜ ਸਿਆਲਕੋਟ ਵਿੱਚ ਹਾਰ ਗਈ। ਬਾਬਰ ਨੂੰ ਬਹੁਤ ਬੁਰਾ ਲੱਗਾ। ਇਸ ਸ਼ਿਕੱਸਤ ਤੇ ਬਾਬਰ ਨੂੰ ਦੌਲਤ ਤੇ ਵੀ ਸ਼ੱਕ ਹੋਇਆ। ਬਾਬਰ ਪੰਜਾਬ ਪਰਤ ਆਇਆ। ਦੌਲਤ ਤੇ ਉਹਦੇ ਪੁੱਤਰ ਗਾਜ਼ੀ ਨੇ ਲਹੌਰ ਦੇ ਚੜਦੇ ਪਾਸੇ ਕਸਬੇ ਮਿਲਵਾਤ ਦੇ ਕਿਲੇ ਵਿੱਚ ਸ਼ਰਨ ਲੈ ਲਈ। ਨਵੰਬਰ 1525 ਈ. ਬਾਬਰ ਨੇ ਕਿਲਾ ਫਤਹਿ ਕਰ ਲਿਆ ਤੇ ਦੌਲਤ ਖਾਂ ਨੂੰ ਕੈਦ ਕਰਕੇ ਭੇੜਾ ਲਿਜਾਇਆ ਜਾ ਰਿਹਾ ਸੀ ਕਿ ਰਸਤੇ ਵਿੱਚ ਹੀ 1526 ਈ. ਵਿਚ ਦੌਲਤ ਖਾਂ ਲੋਧੀ ਗੁਜਰ ਗਿਆ।

ਸੁਲਤਾਨ ਪੁਰ ਲੋਧੀ ਦੇ ਵਸਾਏ ਜਾਣ ਬਾਬਤ ਅੱਜ ਦੇ ਇਤਹਾਸਕਾਰਾਂ ਵਿਚ ਮੱਤ ਭੇਦ ਨੇ ਪਰ ਬਾਬਰ ਨੇ ਤਾਂ ਬੜਾ ਸਾਫ ਸਾਫ ਲਿਖਿਆ ਹੈ ਕਿ ਕਸਬਾ ਸੁਲਤਾਨਪੁਰ ਲੋਧੀ ਦੀ ਨੀਂਹ ਰੱਖਣ ਵਾਲਾ ਦੌਲਤ ਖਾਂ ਲੋਧੀ ਹੀ ਸੀ। ਸੋ ਇਸ ਬਾਰੇ ਕੋਈ ਸ਼ੱਕ







ਸਤੰਬਰ 2014 ਵਿਚ ਸੁਲਤਾਨਪੁਰ ਦਾ 700 ਸਾਲ ਪੁਰਾਣਾ ਦਰਵਾਜਾ ਅਕਾਲੀ ਸਰਕਾਰ ਦੀ ਨਲਾਇਕੀ ਕਰਕੇ ਡਿੱਗ ਪਿਆ। ਇਸ ਦਰਵਾਜੇ ਥਾਂਣੀ ਗੁਰੂ ਸਾਹਿਬ ਹਜਾਰਾਂ ਵਾਰੀ ਨਿਕਲੇ ਹੋਣਗੇ। 1.ਉੱਤੇ ਬਾਹਰ ਗਲੀ ਪਾਸਿਓ ਗੇਟ ਦੀ ਫੋਟੋ। 2. ਕਿਲੇ ਦੇ ਅੰਦਰ ਪਾਸਿਓ। 3.ਹੇਠਾਂ ਡਿੱਗਾ ਗੇਟ। (ਹਿੰਦੁਸਤਾਨ ਟਾਈਮਜ ਦੀ ਫੋਟੋ)

ਦੀ ਗੁੰਜਾਇਸ਼ ਰਹਿ ਹੀ ਨਹੀ ਜਾਂਦੀ।

ਸਿੱਖ ਇਤਹਾਸਕ ਗ੍ਰੰਥਾਂ ਵਿੱਚ ਆਉਦਾ ਹੈ ਕਿ ਬਾਬਰ ਨੂੰ ਹਿੰਦੋਸਤਾਨ ਸੱਦਣ ਵਿੱਚ ਬਾਬੇ ਨਾਨਕ ਦਾ ਰੋਲ ਵੀ ਹੈਗਾ। ਸ਼ੱਕ ਹੈ ਕਿ ਦੌਲਤ ਖਾਂ ਨੇ ਬਾਬੇ ਨਾਨਕ ਨੂੰ ਇਸ ਬਾਬਤ ਬੇਨਤੀ ਕੀਤੀ ਹੋਵੇ। ਪਰ ਇਹ ਤਾਂ ਪੱਕਾ ਹੈ ਕਿ ਗੁਰੂ ਸਾਹਿਬ ਦਿੱਲੀ ਦੇ ਲੋਧੀ ਬਾਦਸ਼ਾਹਾਂ ਦੀ ਇਸਲਾਮਿਕ ਫਿਰਕਾਪਰਸਤੀ ਦੇ ਖਿਲਾਫ ਸਨ ਕਿ ਕਿਵੇ ਸੁਲਤਾਨ ਮੰਦਰ ਢਾਹੁੰਦਾ ਹੈ ਤੇ ਮਜ੍ਹਬ ਦੇ ਨਾਂ ਤੇ ਕਦੀ ਜੁਲਮ ਵੀ ਕਰਦਾ ਹੈ।ਪੰਥ ਪ੍ਰਕਾਸ਼ (ਪੁਰਾਤਨ) ਵਿਚ ਆਉਦਾ ਹੈ ਕਿ ਲੋਧੀ ਸੁਲਤਾਨ ਨੇ ਗੁਰੂ ਸਾਹਿਬ ਦੇ ਦਿੱਲੀ ਵਿਚ ਆਉਣ ਤੇ ਪਾਬੰਦੀ ਲਾ ਦਿੱਤੀ ਸੀ। ਇਤਹਾਸ ਗਵਾਹ ਹੈ ਕਿ ਗੁਰੂ ਸਾਹਿਬ 1520 ਵਿਚ ਬਾਬਰ ਨੂੰ ਕਾਬਲ ਜਾ ਮਿਲਦੇ ਹਨ। ਸਿੱਖ ਇਤਹਾਸ ਵਿਚ ਆਉਦਾ ਹੈ ਕਿ ਗੁਰੂ ਸਾਹਿਬ ਨੇ ਬਾਬਰ ਨੂੰ ਹਿੰਦੁਸਤਾਨ ਦੀ ਬਾਦਸ਼ਾਹਤ ਦੀ ਬਖਸ਼ਸ਼ ਕੀਤੀ ਸੀ।

ਪਰ ਜਦੋਂ ਬਾਬਰ ਆਪਣੇ ਕੌਲ ਤੋਂ ਮੁੱਕਰ ਗਇਆ, ਕਤਿਲੇਆਮ ਕੀਤਾ ਤਾਂ ਗੁਰੂ ਸਾਹਿਬ ਨੇ ਬਾਬਰ ਦਾ ਹੀ ਵਿਰੋਧ ਕਰ ਦਿੱਤਾ ਤੇ ਬਾਬਰਵਾਣੀ ਲਿਖ ਦਿੱਤੀ।

(ਕਿਸੇ ਵੇਲੇ ਕਲਾਨੌਰ ਪਰਗਨਾ ਗਾਜ਼ੀ ਖਾਂ ਪੁੱਤ੍ਰ ਦੌਲਤ ਖਾਂ ਕੋਲ ਰਿਹਾ।)

----◈-----

## ਸੁਲਤਾਨਪੁਰ ਲੋਧੀ

1500 ਸਾਲ ਪਹਿਲਾਂ ਇਹ ਪ੍ਰਸਿੱਧ ਬੋਧੀ ਅਸਥਾਨ ਸੀ। ਚੀਨੀ ਯਾਤਰੀ ਹਿਊਨ ਸਾਂਗ ਨੇ ਆਪਣੇ ਸਫਰਨਾਮੇ ਵਿਚ ਇਸ ਦਾ ਜਿਕਰ ਕੀਤਾ ਹੈ।✚ ਪ੍ਰਸਿੱਧ ਪੁਰਾਤੱਤ ਇਤਹਾਸਕਾਰ ਅਲੈਗਜੈਂਡਰ ਕਨਿੰਘਮ ਨੇ ਹੀ ਸੁਲਤਾਨ ਪੁਰ ਦਾ ਬੋਧੀ ਸਬੰਧ ਖੋਜਿਆ ਸੀ। ਮਹਿਮੂਦ ਗਜਨਵੀ ਦੇ ਵੇਲੇ ਇਸ ਬੋਧੀ ਸ਼ਹਿਰ ਨੂੰ ਲੁੱਟ ਪੁੱਟ ਬਰਬਾਦ ਕਰ ਦਿਤਾ।

ਕਿਉਕਿ ਇਹ ਅਸਥਾਨ ਜਰਨੈਲੀ ਸੜ੍ਹਕ ਤੇ ਸੀ, ਦੌਲਤ ਖਾਂ ਲੋਧੀ ਨੇ ਇਸ ਦੀ ਅਹਿਮੀਅਤ ਨੂੰ ਸਮਝਿਆ ਤੇ ਇਥੇ ਆਪਣੇ ਨਾਂ ਤੇ ਸ਼ਹਿਰ ਵਸਾਇਆ।◘ ਇਤਹਾਸ ਵਿਚ ਆਉਦਾ ਹੈ ਕਿ ਲੋਧੀ ਨੇ ਪੁਰਾਣੇ ਬੋਧੀ ਕਿਲੇ ਦੀਆਂ ਨੀਹਾਂ ਉਤੇ ਹੀ ਮੌਜੂਦਾ ਕਿਲਾ ਉਸਾਰਿਆ ਸੀ।

ਬਾਦਸ਼ਾਹ ਸ਼ਾਹ ਜਹਾਂ ਨੇ ਆਪਣੇ ਸ਼ਹਿਜਾਦੇ ਔਰੰਗਜੇਬ ਹੁਰਾਂ ਨੂੰ ਸੁਲਤਾਨ ਪੁਰ ਦੇ ਪ੍ਰਸਿੱਧ ਮਦਰੱਸੇ ਵਿਚ ਪੜ੍ਹਾਈ ਲਈ ਭੇਜਿਆ ਹੋਇਆ ਸੀ। ਦੌਲਤ ਖਾਂ ਲੋਧੀ ਦੀ ਬਣਾਈ ਮਸੀਤ ਅੱਜ ਵੀ ਕਿਲੇ ਅੰਦਰ ਮੌਜੂਦ ਹੈ।

ਹੁਣੇ ਹੁਣੇ ਹੀ ਸਤੰਬਰ 2014 ਵਿਚ ਕਿਲੇ ਦਾ ਸ਼ਾਨਦਾਰ ਲਹੌਰੀ ਗੇਟ ਸਰਕਾਰ ਦੀ ਮੂਰਖਤਾ ਕਰਕੇ ਡਿੱਗ ਚੁੱਕਾ ਹੈ। ਇਹ ਕੋਈ ਅਕਸਮਾਤ ਨਹੀ ਹੋਇਆ। ਮਾਹਿਰਾਂ ਨੇ ਸਰਕਾਰ ਨੂੰ ਸੁਚੇਤ ਕੀਤਾ ਸੀ ਕਿ ਗੇਟ ਦੀ ਮੁਰੰਮਤ ਕਰਵਾਈ ਜਾਏ। ਸਰਕਾਰ ਨੇ ਬਲਜੀਤ ਸਿੰਘ ਨਾਂ ਦੇ ਆਪੂ ਬਣੇ ਮਾਹਿਰ ਨੂੰ ਇਹ ਕੰਮ ਸੌਂਪ ਦਿੱਤਾ। ਬਾਦ ਵਿਚ ਇਹ ਪਾਇਆ ਗਇਆ ਕਿ ਠੇਕੇਦਾਰ ਵਲੋਂ ਕੀਤਾ ਪਲੱਸਤਰ ਗੁਣਵਤਾ ਪੱਖੋ ਹਲਕਾ ਸੀ। ਸਰਕਾਰ ਨੇ ਅਗਲੀ ਮੂਰਖਤਾ ਇਹ ਕੀਤੀ ਕਿ ਉਹ ਪਲੱਸਤਰ ਉਤਾਰਨ ਦਾ ਹੁਕਮ ਦੇ ਦਿਤਾ ਜਿਸ ਕਾਰਨ ਸੱਤ ਸੌ ਸਾਲ ਪੁਰਾਣਾ ਦਰਵਾਜਾ ਡਿੱਗ ਪਿਆ। ਬਦਕਿਸਮਤੀ ਨਾਲ ਪੰਜਾਬ ਦੀਆਂ ਸਰਕਾਰਾਂ ਪੁਰਾਤੱਤ ਜਿਹੇ ਬਰੀਕ ਮਸਲਿਆ ਦੀ ਕਦਰ ਨਹੀ ਕਰਦੀਆਂ।

ਗੁਰੂ ਸਾਹਿਬ ਇਸ ਦਰਵਾਜੇ ਰਾਂਹੀ ਸੈਕੜੇ ਵਾਰੀ ਲੰਘੇ ਹੋਣਗੇ।

ਇਹ ਨਹੀ ਕਿ ਇਹ ਅਕਸਮਾਤ ਹੋਇਆ ਸੀ। ਚਾਰ ਪੰਜ ਸਾਲ ਪਹਿਲਾਂ ਅਖਬਾਰਾਂ ਵਿਚ ਖਤਰਾ ਜ਼ਾਹਿਰ ਕੀਤਾ ਗਇਆ ਸੀ। ਇਸ ਲਿਖਾਰੀ ਨੇ ਖੁੱਦ ਵੀ ਮਈ 2014 ਵਿਚ ਇਸ ਗੇਟ ਦੀ ਵੀਡੀਓਗਰਾਫੀ ਕੀਤੀ ਸੀ।

----◈-----

## ਮਲਸੀਆਂ ਦੇ ਭਾਈ ਭਗੀਰਥ ਨੂੰ ਤਾਰਿਆ

ਗੁਰੂ ਸਾਹਿਬ ਜਦੋਂ ਸੁਲਤਾਨਪੁਰ ਵਿਖੇ ਮੋਦੀ ਦਾ ਕੰਮ ਕਰਦੇ ਹੁੰਦੇ ਸੀ ਤਾਂ ਇਥੋ 25 ਕਿਲੋਮੀਟਰ ਦੂਰ ਪਿੰਡ ਮਲਸੀਆਂ ਦੇ ਭਾਈ ਭਾਗੀਰਥ ਨਾਲ ਮੇਲ ਹੋ ਗਿਆ। ਆਣੰਦ ਗੋਤ ਦੇ ਭਾਈ

ਪੈੜ ਸਰ੍ਹਾ

◘ ਤੁਜਕੇ ਬਾਬਰੀ ਨਾਲੇ ਵੇਖੋ ਗੁਰੂ ਨਾਨਕ ਇਨ ਹਿਸਟਰੀ - ਜੇ ਐਸ ਗਰੇਵਾਲ

✚ ਯੂਟਿਊਬ ਡਾਟ ਕਾਮ ਤੇ ਇਸ ਸ਼ਹਿਰ ਦਾ ਬੋਧੀ ਇਤਹਾਸ ਸੁਣੋ। ਸਰਚ ਕਰੋ - Sultanpur Lodhi -Bhabishan Singh Goraya




ਸਾਹਿਬ ਪਿੰਡ ਦੇ ਚੌਧਰੀ (ਨੰਬਰਦਾਰ) ਸਨ ਤੇ ਬਹੁਤ ਹੀ ਧਾਰਮਿਕ ਬਿਰਤੀ ਦੇ ਪੁਰਖ ਸਨ। ਭਾਈ ਸਾਹਿਬ ਇਲਾਕੇ ਵਿੱਚ ਮੰਨੇ ਹੋਏ ਮਾਤਾ ਕਾਲੀ ਦੇਵੀ ਦੇ ਭਗਤ ਸਨ। ਘਰ ਵਿੱਚ ਦੇਵੀ ਦੀ ਮੂਰਤੀ ਵੀ ਸਥਾਪਤ ਕੀਤੀ ਹੋਈ ਸੀ।

ਗੁਰੂ ਸਾਹਿਬ ਸੁਲਤਾਨ ਪੁਰ ਵਿਖੇ ਅਨੇਕਾਂ ਲੋਕਾਂ ਨੂੰ ਜੜ੍ਹ ਚੀਜਾਂ ਦੀ ਪੂਜਾ ਕਰਨ ਤੋਂ ਵਰਜਦੇ ਸਨ, ਜਿਸ ਕਰਕੇ ਮੜੀਆਂ ਮਸਾਣਾਂ ਕਬਰਾਂ ਦੀ ਪੂਜਾ ਕਰਨ ਤੋਂ ਲੋਕ ਹਟਣ ਲੱਗ ਪਏ ਸਨ। ਭਾਗੀਰਥ ਨੂੰ ਇਹ ਗੱਲ ਚੰਗੀ ਨਹੀ ਸੀ ਲੱਗੀ। ਗੁਰੂ ਸਾਹਿਬ ਨਾਲ ਉਹਦਾ ਮੇਲ ਮਿਲਾਪ ਵਧਿਆ।

ਸਾਹਿਬ ਨੇ ਉਨ੍ਹੂੰ ਨਿਰੰਕਾਰ ਕਰਤਾਰ ਦਾ ਗਿਆਨ ਦਿੱਤਾ ਕਿ **"ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥ ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥੬॥"**


ਭਾਈ ਭਾਗੀਰਥ ਦੀ ਲਿਆਂਦੀ ਦਾਤਨ ਵਾਲੀ ਬੇਰੀ

ਕਿਵੇਂ ਅਕਾਲ ਪੁਰਖ ਅਵਤਾਰਾਂ ਦੇਵੀ ਦੇਵਤਿਆਂ ਤੋਂ ਬਾਹਰਾ ਹੈ। ਉਹ ਜਨਮ ਨਹੀ ਲੈਂਦਾ ਤੇ ਨਾਂ ਹੀ ਮਰਦਾ ਹੈ। ਸਾਰਾ ਕੁਝ ਸੁਣਨ ਦੇ ਬਾਵਜੂਦ ਵੀ ਭਾਗੀਰਥ ਦੀ ਦੇਵੀ ਦੀ ਮੂਰਤੀ ਤੋਂ ਸ਼ਰਧਾ ਨਹੀ ਸੀ ਹਟਦੀ। ਹਾਲਾਂ ਭਾਗੀਰਥ ਗੁਰੂ ਸਾਹਿਬ ਦੀ ਸਖਸ਼ੀਅਤ ਤੋਂ ਖਾਸਾ ਪ੍ਰਭਾਵਤ ਤਾਂ ਹੋ ਹੀ ਚੁੱਕਾ ਸੀ।

ਇਕ ਵੇਰਾਂ ਗੁਰੂ ਸਾਹਿਬ ਨੇ ਰਾਤ ਭਾਗੀਰਥ ਦੇ ਘਰ ਉਹਦੇ ਪਿੰਡ ਮਲਸੀਆਂ ਹੀ ਬਿਤਾਈ। ਪਹਿਰ ਕੁ ਰਾਤ ਰਹਿੰਦਿਆਂ (ਭਾਵ ਮਨ੍ਹੇਰ ਦੇ 3 ਕੁ ਵਜੇ) ਜਦੋਂ ਗੁਰੂ ਸਾਹਿਬ ਨੇ ਇਸ਼ਨਾਨ ਕਰਨਾਂ ਚਾਹਿਆ ਤਾਂ ਭਾਗੀਰਥ ਖੂਹ ਤੋਂ ਪਾਣੀ ਦਾ ਘੜਾ ਲੈਣ ਗਿਆ। ਵਾਪਸੀ ਤੇ ਵੇਖ ਕੇ ਦੰਗ ਰਹਿ ਗਇਆ ਕਿ ਗੁਰੂ ਸਾਹਿਬ ਦੇ ਮੰਜੇ ਦੇ ਲਾਗੇ ਇੱਕ ਖੂਬਸੂਰਤ ਜਨਾਨੀ ਬੋਹਕਰ ਫੇਰ ਰਹੀ ਹੈ। ਭਾਗੀਰਥ ਦੀਆਂ ਤਾਂ ਇੱਕ ਦਮ ਅੱਖਾਂ ਚੁੰਧਿਆ ਗਈਆਂ। ਗਹੁ ਨਾਲ ਤੱਕਿਆ ਤਾਂ ਇਹ ਤਾਂ ਖੁਦ ਅਸ਼ਟ ਭੁਜੀ ਕਾਲੀ ਮਾਤਾ ਹੀ ਸਨ। ਭਾਗੀਰਥ ਨੇ ਮਾਤਾ ਨੂੰ ਨਮਸਕਾਰ ਕੀਤੀ ਤੇ ਆਪਣੇ ਆਪ ਨੂੰ ਧੰਨ ਕਿਹਾ ਕਿ ਮੇਰੇ ਗਰੀਬ ਦੇ ਘਰ ਦਰਸ਼ਨ ਦਿੱਤੇ ਨੇ। ਦੇਵੀ ਨੇ ਸਾਰਾ ਦੱਸਿਆ ਕਿ ਮੈਂ ਤਾਂ ਗੁਰੂ ਨਾਨਕ ਦੇ ਦਰਸ਼ਨਾਂ ਨੂੰ ਆਈ ਹਾਂ ਜੋ ਕਿ ਸਾਰੀ ਸ੍ਰਿਸਟੀ ਦੇ ਮਾਲਕ ਨਿਰੰਕਾਰ ਵਲੋਂ ਇਸ ਦੁਨੀਆਂ ਦੇ ਉਧਾਰ ਵਾਸਤੇ ਭੇਜੇ ਗਏ ਹਨ।

ਇਸ ਘਟਨਾਂ ਤੋਂ ਬਾਦ ਫਿਰ ਭਾਈ ਸਾਹਿਬ ਗੁਰੂ ਨਾਨਕ ਦੀ ਹਾਜਰੀ ਵਿੱਚ ਬਹੁਤ ਸਮਾਂ ਬਿਤਾਉਣ ਲੱਗ ਪਏ। ਮੋਦੀ ਖਾਨੇ ਦੇ ਕੰਮ ਵਿੱਚ ਜਦੋਂ ਜੀ ਆਏ ਹੱਥ ਵਿਟਾਉਣਾ। ਕਿਉਕਿ ਇਸ਼ਨਾਨ ਸਮੇਂ ਉਸ ਨੇ ਚਮਤਕਾਰ ਵੇਖਿਆ ਸੀ ਉਸ ਨੇ ਮੰਨ ਹੀ ਮਨ ਵਿੱਚ ਤਹਿ ਕੀਤਾ ਕਿ ਜਦੋਂ ਵੀ ਮੈਂ ਗੁਰੂ ਸਾਹਿਬ ਦੀ ਹਾਜਰੀ ਹੋਵਾਂਗਾ ਇਸ਼ਨਾਨ ਮੈਂ ਹੀ ਕਰਵਾਇਆ ਕਰਾਂਗਾ।

ਗੁਰੂ ਸਾਹਿਬ ਲਈ ਦਾਤਨ ਆਦਿ ਵੀ ਭਾਈ ਸਾਹਿਬ ਹੀ ਤੋੜ ਕੇ ਲਿਆਉਦੇ ਸਨ। ਇੱਕ ਵੇਰਾਂ ਭਾਈ ਸਾਹਿਬ ਜਦੋਂ ਸੁਲਤਾਨਪੁਰ ਹੀ ਰਾਤ ਠਹਿਰੇ ਹੋਏ ਸਨ ਤਾਂ ਹਨੇਰੇ ਵਿੱਚ ਪਤਾ ਨਾਂ ਲੱਗਾ ਤਾਂ ਉਹ ਬੇਰੀ ਦੀ ਹੀ ਦਾਤਨ ਤੋੜ ਲਿਆਏ। ਸਾਹਿਬ ਨੇ ਓਹੀ ਦਾਤਨ ਵਰਤ ਲਈ ਤੇ ਬਾਦ ਵਿੱਚ ਗਲਤੀ ਦਾ ਅਹਿਸਾਸ ਹੋਣ ਕਰਕੇ ਜਦੋਂ ਸ਼ਰਮ ਮਹਿਸੂਸ ਕਰ ਰਹੇ ਸਨ ਤਾਂ ਗੁਰੂ ਸਾਹਿਬ ਨੇ ਦਿਲਾਸਾ ਦਿੱਤਾ ਤੇ ਕਿਹਾ ਕਿ ਇਹ ਦਾਤਨ ਤਾਂ ਜੁੱਗੋ ਜੁੱਗ ਅਟੱਲ ਰਹਿਣੀ ਹੈ। ਬੇਰ ਸਾਹਿਬ ਗੁਰਦੁਆਰਾ ਇਸੇ ਬੇਰੀ ਕਰਕੇ ਮਸ਼ਹੂਰ ਹੋਇਆ ਹੈ ਜਿੱਥੇ ਖਰਬੂਜੇ ਸ਼ਾਹ ਦੀ ਮਜਾਰ ਵੀ ਹੈ।

ਬੇਰ ਸਾਹਿਬ ਵਾਲੀ ਥਾਂ ਗੁਰੂ ਸਾਹਿਬ ਦਾ ਪੱਕਾ ਟਿਕਾਣਾ ਹੀ ਬਣ ਚੁੱਕਾ ਸੀ। ਜਦੋਂ ਤੱਕ ਗੁਰੂ ਸਾਹਿਬ ਨੇ ਸੁਲਤਾਨ ਪੁਰ ਲੋਧੀ ਤੋਂ ਕੂਚ ਕੀਤਾ ਇਥੇ ਬਹੁਤ ਸਾਰੇ ਲੋਕਾਂ ਨੇ ਸਿੱਖੀ ਧਾਰਨ ਕਰ ਲਈ ਸੀ। ਗਿਆਨੀ ਗਿਆਨ ਸਿੰਘ ਤਾਂ ਇਥੋਂ ਤੱਕ ਲਿਖਿਆ ਹੈ ਕਿ ਇਥੇ ਲੰਗਰ ਵੀ ਨਾਲੋ ਨਾਲ ਚਲਦਾ ਰਹਿੰਦਾ ਸੀ।

----◆-----

## ਭਾਈ ਮਨਸੁੱਖ ਕਹਿਣ ਲੱਗਾ ਮੈਂ ਤਾਂ ਹਰ ਚੀਜ ਠੋਕ ਵਜਾ ਕੇ ਲੈਂਦਾਂ ਹਾਂ

ਨਾਨਕ ਮੋਦੀ ਦੀ ਹਰ ਪਾਸੇ ਧੁੰਮ ਪੈ ਗਈ ਕਿ ਕਿਸੇ ਵੀ ਲੋੜਵੰਦ ਨੂੰ ਖਾਲੀ ਹੱਥ ਨਹੀ ਜਾਣ ਦਿੰਦਾ।

ਸੁਲਤਾਨਪੁਰ ਦੇ ਹੀ ਇਕ ਗਰੀਬ ਖੱਤਰੀ ਨਾਲ ਇਕ ਵੇਰਾਂ ਬ੍ਰਹਾਮਣ ਨੇ ਚਲਾਕੀ ਕੀਤੀ ਕਿ ਖੱਤਰੀ ਦੇ ਮਾਇਕ ਹਾਲਾਤਾਂ ਨੂੰ ਨਜਰਅੰਦਾਜ਼ ਕਰਦੇ ਹੋਏ ਉਹਦੀ ਧੀ ਦਾ ਲਗਨ ਕੱਢ ਕੇ ਸਾਹੇ ਚਿੱਠੀ ਮੁੰਡੇ ਵਾਲਿਆਂ ਵਲ ਤੋਰ ਦਿੱਤੀ।

ਸਾਹੇ ਦੀ ਮਿੱਥੀ ਤਾਰੀਕ ਤੱਕ ਕੁੜੀ ਦਾ ਪਿਓ ਪੈਸੇ ਦਾ ਇੰਤਜਾਮ ਨਾਂ ਕਰ ਪਾਇਆ। ਹੋ ਸਕਦੈ ਆਖੀਰ ਤੇ ਆ ਕੇ ਕਿਸੇ ਸ਼ਾਹੂਕਾਰ ਨੇ ਨਾਂਹ ਕਰ ਦਿਤੀ ਹੋਏ। ਹਰ ਪਾਸਿਓ ਹਾਰ ਚੁੱਕੇ ਪਿਓ ਨੂੰ ਕਿਸੇ ਸਨੇਹੀ ਨੇ ਸਲਾਹ ਦਿੱਤੀ ਕਿ ਨਵਾਬ ਦੇ ਮੋਦੀ ਬਾਬਾ ਨਾਨਕ ਨੂੰ

ਜਾ ਕੇ ਮਿਲੋ। ਪਤਾ ਲੱਗਾ ਹੈ ਕਿ ਉਹ ਹਰ ਗਰੀਬ ਲੋੜਵੰਦ ਦੀ ਗਰਜ ਪੂਰੀ ਕਰਵਾ ਦਿੰਦਾ ਹੈ।

ਉਸ ਖੱਤਰੀ ਨੇ ਆ ਗੁਰੂ ਸਾਹਿਬ ਅੱਗੇ ਅਰਜੋਈ ਕੀਤੀ ਕਿ ਬਾਬਾ ਜੀ ਮੈਂ ਚਾਰੇ ਪਾਸਿਓਂ ਹਾਰ ਗਿਆ ਵਾਂ। ਕੁੜੀ ਦਾ ਚੌਥੇ ਨੂੰ ਲਗਨ ਹੈ ਤੇ ਪੈਸੇ ਦਾ ਕੋਈ ਇੰਤਜਾਮ ਨਹੀ ਹੋ ਪਾਇਆ। ਹੋਰ ਤੇ ਹੋਰ ਵਿਆਹ ਦੀ ਸਗਨ ਸਮੱਗਰੀ ਵੀ ਨਹੀ ਖਰੀਦ ਸਕਿਆ।

ਗੁਰੂ ਸਾਹਿਬ ਨੇ ਉਸ ਖੱਤਰੀ ਨੂੰ ਕਿਹਾ ਕਿ ਭਾਈ ਤੂੰ ਆਪਣੀ ਵਿੱਤ ਅਨੁਸਾਰ ਰਿਸਤਾ ਕਰਨਾਂ ਸੀ। ਉਸ ਜਵਾਬ ਦਿੱਤਾ ਕਿ ਰਿਸਤਾ ਤਾਂ ਵਿੱਤ ਅਨੁਸਾਰ ਹੀ ਹੈ। ਅਗਲਾ ਪ੍ਰਵਾਰ ਵੀ ਕੋਈ ਅਮੀਰ ਨਹੀ ਪਰ ਕਈ ਖਰਚੇ ਤਾਂ ਰਸਮ ਅਨੁਸਾਰ ਜਰੂਰੀ ਹਨ।

ਗੁਰੂ ਸਾਹਿਬ ਨੇ ਖੱਤਰੀ ਨੂੰ ਕਿਹਾ ਕਿ ਜਿਹੜੇ ਜਿਹੜੇ ਜਰੂਰੀ ਸਮਾਨ ਚਾਹੀਦੇ ਹਨ ਉਨਾਂ ਦੀ ਫਹਰਿਸਤ (ਲਿਸਟ) ਬਣਾ ਮੈਂ ਦੇਖਦਾ ਹਾਂ ਜੇ ਕੁਝ ਹੋ ਸਕਦਾ ਹੋਵੇ ਤਾਂ।

ਖੱਤਰੀ ਨੇ ਵਿਆਹ ਦੇ ਜਰੂਰੀ ਸਮਾਨ ਦੀ ਫ਼ਰਿਸਤ ਲਿਖ ਕੇ ਬਹੁਤ ਹੀ ਅਧੀਨਗੀ ਸਾਹਿਤ ਗੁਰੂ ਸਾਹਿਬ ਦੇ ਪੇਸ਼ ਕੀਤੀ। ਗੁਰੂ ਸਾਹਿਬ ਨੇ ਫਹਰਿਸਤ ਤੇ ਨਿਗਾਹ ਮਾਰੀ ਤੇ ਖੱਤਰੀ ਨੂੰ ਕਿਹਾ ਕਿ ਪਰਸੋਂ ਆ ਕੇ ਆਪਣਾ ਸਮਾਨ ਲੈ ਜਾਵੀਂ।

ਕੁਝ ਹੀ ਦੇਰ ਬਾਦ ਗੁਰੂ ਸਾਹਿਬ ਕੋਲ ਭਾਈ ਭਾਗੀਰਥ ਅਨੰਦ ਪਹੁੰਚ ਗਿਆ। ਭਗੀਰਥ ਲਹੌਰ ਕਿਸੇ ਕਾਰ ਵਿਹਾਰ ਦੇ ਸਬੰਧ ਵਿਚ ਜਾ ਰਿਹਾ ਸੀ। ਗੁਰੂ ਜੀ ਨੇ ਭਾਗੀਰਥ ਨੂੰ ਹੁਕਮ ਲਾਇਆ ਕਿ ਭਗੀਰਥ ਆਹ ਲੈ ਸਮਾਨ ਦੀ ਫਹਰਿਸਤ ਤੇ ਛੇਤੀ ਤੋਂ ਛੇਤੀ ਪਰ ਹਰ ਹਾਲਤ ਵਿਚ ਪਰਸੋਂ ਸ਼ਾਮ ਤੱਕ ਇਹ ਸਮਾਨ ਲੈ ਕੇ ਵਾਪਸ ਇਥੇ ਪਹੁੰਚ। ਭਾਗੀਰਥ ਨੂੰ ਗਰੀਬ ਖੱਤਰੀ ਦੀ ਧੀ ਦੇ ਵਿਆਹ ਦੇ ਹਾਲਾਤਾਂ ਬਾਰੇ ਜਾਣੂ ਕਰਵਾਇਆ।

ਭਾਗੀਰਥ ਦਾ ਟਾਂਗਾ ਤਾਂ ਪਹਿਲਾਂ ਹੀ ਤਿਆਰ ਸੀ। ਯਾਦ ਰਹੇ ਓਨੀ ਦਿਨੀਂ ਮੁੱਖ ਸੜ੍ਹਕਾਂ ਤੇ ਆਮ ਸਵਾਰੀ ਵਾਸਤੇ ਟਾਂਗੇ ਚਲਦੇ ਰਹਿੰਦੇ ਸਨ। ਟਾਂਗੇ ਸਾਲਮ ਵੀ ਮਿੱਲਦੇ ਸਨ।

ਅਗਲੇ ਹੀ ਦਿਨ ਭਾਗੀਰਥ ਲਹੌਰ ਆਪਣੇ ਜਾਣ ਪਛਾਣ ਵਾਲੇ ਮਨਿਆਰ ਨਾਮ ਮਨਸੁੱਖ ਅਗਰਵਾਲ ਕੋਲ ਪਹੁੰਚ ਗਿਆ। ਮਨਸੁੱਖ ਨੇ ਸਮਾਨ ਤੇ ਨਿਗਾਹ ਮਾਰੀ ਤੇ ਕਹਿਣ ਲੱਗਾ ਕਿ ਸਾਰਾ ਸਮਾਨ ਤਿਆਰ ਹੈ ਸਿਵਾਏ ਚੂੜੇ ਦੇ। ਓਨੀ ਦਿਨੀਂ ਚੂੜਾ ਹਾਥੀ ਦੰਦ ਦਾ ਹੁੰਦਾ ਸੀ। ਮਨਸੁੱਖ ਨੇ ਦੱਸਿਆ ਕਿ ਚੂੜਾ ਸ਼ਾਮ ਤੱਕ ਕੱਟ ਰੰਗ ਕੇ ਤਿਆਰ ਹੋ ਜਾਵੇਗਾ। ਸਵੇਰੇ ਸਵੱਖਤੇ ਨੂੰ ਨਿਕਲ ਜਾਵੀਂ।

ਭਾਗੀਰਥ ਨੇ ਮਜਬੂਰੀ ਦੱਸੀ ਕਿ ਮੈਂ ਕਿਸੇ ਵੀ ਸੂਰਤ ਵਿਚ ਰਾਤ ਲਹੌਰ ਨਹੀ ਰਹਿ ਸਕਦਾ। ਭਾਗੀਰਥ ਨੇ ਗੁਰੂ ਸਾਹਿਬ ਦੇ ਹੁਕਮ ਬਾਰੇ ਦੱਸਿਆ।

ਮਨਸੁੱਖ ਭਾਗੀਰਥ ਦੀ ਗੱਲ ਸੁਣ ਹੱਸ ਪਿਆ ਕਿ ਇਸ ਕਲਜੁੱਗ ਵਿਚ ਜਿਆਦਾ ਸਾਧਾਂ ਫਕੀਰਾਂ ਦੀ ਗਲ ਦੀ ਪ੍ਰਵਾਹ ਨਹੀ ਕਰੀਦੀ। ਮਤਲਬ ਮਨਸੁੱਖ ਨੇ ਭਾਗੀਰਥ ਨੂੰ ਕਿਹਾ ਕਿ ਅੱਜ ਦੇ ਸਾਧੂ ਫਕੀਰ ਜਿਆਦਾ ਪਾਖੰਡੀ ਹੀ ਹਨ। ਕਹਿਣ ਲੱਗਾ ਮੈਂ ਕਈ ਸਾਧੂ ਫਕੀਰ ਵੇਖੇ ਨੇ ਸਭ ਪਾਖੰਡੀ ਨੇ। ਮੈਂ ਤਾਂ ਨਹੀ ਕਿਸੇ ਐਰੇ ਗੇਰੇ ਦੇ ਮੱਥਾ ਟੇਕਦਾ। ਖਾਸ ਕਰਕੇ ਐਂਵੇ ਹੀ ਕਿਸੇ ਨੂੰ ਗੁਰੂ ਨਹੀ ਧਾਰ ਲਵਾਂਗਾ। ਉਸ ਨੇ ਕਿਹਾ, “ਉਹ ਕਾਹਦਾ ਸਾਧੂ ਜਿਹੜਾ ਦਿੱਲ ਦੀ ਗੱਲ ਨਾਂ ਬੁੱਝ ਸਕੇ?”

ਇਸ ਤੇ ਭਾਗੀਰਥ ਨੇ ਬਹੁਤ ਗਿਲਾ ਜਿਤਾਇਆ ਕਿ "ਨਹੀ ਤੂੰ ਬਾਬੇ ਨਾਨਕ ਨੂੰ ਜਾਣਦਾ ਨਹੀ। ਉਹ ਸਾਧੂ ਭੇਖ ਵਿਚ ਨਹੀ ਉਹ ਤਾਂ ਗ੍ਰਿਸਤੀ ਹੈ ਪਰ ਹੈ ਨਿਰੰਕਾਰ ਨਾਲ ਇੱਕ ਮਿੱਕ। "

ਭਾਗੀਰਥ ਦੀਆਂ ਗੱਲਾਂ ਸੁਣ ਕੇ ਮਨਸੁੱਖ ਦਾ ਹਿਰਦਾ ਵੀ ਪਸੀਜ ਗਿਆ ਤੇ ਉਹਦੇ ਮੰਨ ਵਿਚ ਵੀ ਆਈ ਕਿ ਅਜਿਹੇ ਅਵਤਾਰੀ ਪੁਰਖ ਦੇ ਜਰੂਰ ਦਰਸ਼ਨ ਕਰਨੇ ਚਾਹੀਦੇ ਨੇ। ਸਨਮੁੱਖ ਕਹਿਣ ਲੱਗਾ ਕਿ ਭਾਗੀਰਥ ਮੈਂ ਵੀ ਤੇਰੇ ਨਾਲ ਚਲਦਾ ਹਾਂ।

ਮਨਸੁੱਖ ਨੇ ਤਿਆਰ ਚੂੜੇ ਲਈ ਬਜਾਰ ਵਿਚੋਂ ਘੋਖ ਪੜਤਾਲ ਕੀਤੀ ਤੇ ਬਾਦ ਵਿਚ ਉਨੂੰ ਯਾਦ ਆਇਆ ਕਿ ਉਹਦੇ ਤਾਂ ਘਰ ਵਿਚ ਹੀ ਦਰਮਿਆਨੇ ਨਾਪ ਦਾ ਸੂਹੇ ਰੰਗ ਦਾ ਇਕ ਤਿਆਰ ਜੋੜਾ ਪਿਆ ਹੋਇਆ ਹੈ।

ਭਾਗੀਰਥ ਅਤੇ ਮਨਸੁੱਖ ਸਾਰਾ ਸਮਾਨ ਲੈ ਕੇ ਤੁਰੰਤ ਰਵਾਨਾ ਹੋ ਗਏ। ਰਸਤੇ ਵਿਚ ਮਨਸੁੱਖ ਮੰਨ ਹੀ ਮੰਨ ਵਿਚ ਸੋਚੇ ਕਿ ਜੇ ਗੁਰੂ ਸਾਹਿਬ ਨੇ ਮੇਰੀ ਮੰਨ ਦੀ ਗਲ ਬੁੱਝ ਲਈ ਤਾਂ ਮੈਂ ਆਪਣਾ ਆਪ ਉਸ ਦੇ ਹਵਾਲੇ ਕਰ ਦਿਆਂਗਾ।

ਜਿਵੇ ਭਾਗੀਰਥ ਵਕਤ ਸਿਰ ਗੁਰੂ ਸਾਹਿਬ ਕੋਲ ਪਹੁੰਚਾ ਤਾਂ ਗੁਰੂ ਸਾਹਿਬ ਨੇ ਭਾਗੀਰਥ ਨੂੰ ਵੇਖਦੇ ਹੀ ਫਰਮਾਇਆ, "ਸ਼ਾਬਾਸ਼ ਭਾਗੀਰਥ! ਇਸ ਤਰਾਂ ਸੇਵਾ ਨਾਲ ਹੀ ਮੰਨ ਨੂੰ ਸੁੱਖ ਮਿਲਦਾ ਹੈ, ਮੰਨ ਵਿਚ ਸਦਾ ਖੇੜਾ ਰਹਿੰਦਾ ਹੈ। "

ਜਿਵੇ ਗੁਰੂ ਸਾਹਿਬ ਨੇ ਰਮਜ਼ ਨਾਲ ਗਲ ਕੀਤੀ ਤਾਂ ਮਨਸੁੱਖ ਆਪਣੇ ਮੰਨ ਦੀ ਗੱਲ ਪਾ ਕੇ ਜਾਣੀ ਜਾਣ ਗੁਰੂ ਸਾਹਿਬ ਦੇ ਚਰਨਾਂ ਤੇ ਢਹਿ ਪਿਆ। ਉਹ ਹੈਰਾਨ ਸੀ ਕਿ ਗੁਰੂ ਸਾਹਿਬ ਨੇ ਜਾਂਦਿਆਂ ਹੀ ਉਹਦਾ ਨਾਮ ਲੈ ਲਿਆ।

ਇਹ ਬਾਣੀਆ ਚੋਖਾ ਸਮਾਂ ਗੁਰੂ ਸਾਹਿਬ ਦੇ ਨਾਲ ਜੁੜਿਆ ਰਿਹਾ। ਲਹੌਰ ਨੇੜੇ ਜਿੱਥੇ ਵੀ ਗੁਰੂ ਸਾਹਿਬ ਹੁੰਦੇ ਉਨਾਂ ਨੂੰ ਮਿਲਣ ਜਾਇਆ ਕਰਦਾ ਸੀ। ਲਹੌਰ ਵਿਚ ਇਹਦਾ ਘਰ ਸਮੇਂ ਦੇ ਸਮੁੰਦਰ ਵਿਚ ਗਵਾਚ ਗਿਆ ਹੈ।

ਮਨਸੁੱਖ ਵਪਾਰ ਖਾਤਰ ਕਦੀ ਦੂਰ ਦੁਰਾਡੇ ਵੀ ਨਿਕਲ ਜਾਂਦਾ ਸੀ। ਏਸੇ ਤਰਾਂ ਇਕ ਵੇਰਾਂ ਇਹ ਮਾਲ ਅਸਬਾਬ ਲੈ ਕੇ ਲੰਕਾ (ਸਿੰਗਲਾਦੀਪ) ਪਹੁੰਚਿਆ ਸੀ ਤੇ ਉਥੇ ਦੇ ਰਾਜੇ ਸ਼ਿਵਨਾਭ ਨੂੰ ਗੁਰੂ ਸਾਹਿਬ ਬਾਰੇ ਦੱਸਿਆ ਸੀ। ਉਹ ਸਾਖੀ ਅੱਗੇ ਆਏਗੀ।

----◈-----

## ਬਾਬੇ ਦੀ ਸੱਸ ਚੰਦੋਰਾਣੀ ਨੇ ਆ ਉਲਾਹਮਾ ਦਿੱਤਾ

ਬਾਬੇ ਦੇ ਸੁਲਤਾਨ ਪੁਰ ਲੋਧੀ ਦੇ ਵਸੇਬੇ ਦੇ ਦਿਨਾਂ ਦੀ ਹੀ ਗੱਲ ਹੈ ਕਿ ਇੱਕ ਵੇਰਾਂ ਗੁਰੂ ਸਾਹਿਬ ਦੀ ਸੱਸ ਚੰਦੋ ਰਾਣੀ ਆਪਣੀ ਧੀ ਨੂੰ ਮਿਲਣ ਆਈ ਹੋਈ ਸੀ ਕਿ ਗੁਰੂ ਸਾਹਿਬ ਰਾਂਤੀ ਘਰ ਆਏ ਹੀ

ਨਾਂ ਤੇ ਬੇਰ ਸਾਹਿਬ ਵਾਲੇ ਆਪਣੇ ਟਿਕਾਣੇ ਤੇ ਰਾਤ ਕੱਟੀ। ਗੁਰੂ ਜੀ ਨਾਲ ਜਦੋਂ ਫਿਰ ਚੰਦੋ ਰਾਣੀ ਦਾ ਮੇਲ ਹੋਇਆ ਤਾਂ ਉਹ ਬਹੁਤ ਤਲਖੀ ਨਾਲ ਪੇਸ਼ ਆਈ ਤੇ ਕਹਿਣ ਲੱਗੀ

"ਸੁਣ ਵੇ ਨਾਨਕਾ, ਜੇ ਸਾਧਾਂ ਫਕੀਰਾਂ ਦੇ ਨਾਲ ਹੀ ਰਹਿਣਾ ਸੀ ਤਾਂ ਵਿਆਹ ਕਿਓ ਕਰਵਾਇਆ। ਅੰਞਾਣੇ ਜੰਮ ਕੇ ਹੁਣ ਸਾਧ ਬਣਨ ਦਾ ਤੈਨੂੰ ਸ਼ੌਕ ਚੜ੍ਹ ਉਠਿਐ। ਵੇ ਏਨਾ ਨੂੰ ਰੋਟੀ ਟੁੱਕ ਕੌਣ ਦਿਊ?"

ਗੁਰੂ ਸਾਹਿਬ ਨੇ ਚੰਦੋ ਰਾਣੀ ਨੂੰ ਕਿਹਾ ਕਿ ਮਾਤਾ ਜੀ ਰਿਜਕ ਸਭ ਨੂੰ ਨਿਰੰਕਾਰ ਦਿੰਦਾ ਹੈ। ਬਾਕੀ ਇਸ ਘਰ ਵਿੱਚ ਪੱਕੀ ਇੱਟ ਕਿਸੇ ਦੀ ਵੀ ਨਹੀ ਲੱਗੀ। ਇਥੇ ਹਰ ਕੋਈ ਚਲਣਹਾਰ ਹੈ। ਸਾਹਿਬ ਨੇ ਓਦੋਂ ਸ਼ਬਦ ਉਚਾਰਿਆ:-

ਮਾਰੂ ਮਹਲਾ ੧ ॥ ਮਿਲਿ ਮਾਤ ਪਿਤਾ ਪਿੰਡੁ ਕਮਾਇਆ ॥ ਤਿਨਿ ਕਰਤੈ ਲੇਖੁ ਲਿਖਾਇਆ ॥ ਲਿਖੁ ਦਾਤਿ ਜੋਤਿ ਵਡਿਆਈ ॥ ਮਿਲਿ ਮਾਇਆ ਸੁਰਤਿ ਗਵਾਈ ॥੧॥ ਮੂਰਖ ਮਨ ਕਾਹੇ ਕਰਸਹਿ ਮਾਣਾ ॥ ਉਠਿ ਚਲਣਾ ਖਸਮੈ ਭਾਣਾ ॥੧॥ ਰਹਾਉ ॥ ਤਜਿ ਸਾਦ ਸਹਜ ਸੁਖੁ ਹੋਈ ॥ ਘਰ ਛਡਣੇ ਰਹੈ ਨ ਕੋਈ ॥ ਕਿਛੁ ਖਾਜੈ ਕਿਛੁ ਧਰਿ ਜਾਈਐ ॥ ਜੇ ਬਾਹੁੜਿ ਦੁਨੀਆ ਆਈਐ ॥੨॥ ਸਜੁ ਕਾਇਆ ਪਟੁ ਹਢਾਏ ॥ ਫੁਰਮਾਇਸਿ ਬਹੁਤੁ ਚਲਾਏ ॥ ਕਰਿ ਸੇਜ ਸੁਖਾਲੀ ਸੋਵੈ ॥ ਹਥੀ ਪਉਦੀ ਕਾਹੇ ਰੋਵੈ ॥੩॥ ਘਰ ਘੁੰਮਣਵਾਣੀ ਭਾਈ ॥ ਪਾਪ ਪਥਰ ਤਰਣੁ ਨ ਜਾਈ ॥ ਭਉ ਬੇੜਾ ਜੀਉ ਚੜਾਊ ॥ ਕਹੁ ਨਾਨਕ ਦੇਵੈ ਕਾਹੂ ॥੪॥੨॥

ਇਸ ਸ਼ਬਦ ਤੋਂ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਆਪਣੀ ਪਤਨੀ ਨੂੰ ਘੁੰਮੀ ਕਹਿ ਕੇ ਹੀ ਸੱਦਦੇ ਸਨ। ਕੁਦਰਤੀ ਹੈ ਕਿ, ਬਾਕੀ ਜਨਾਨੀਆਂ ਦਾ ਸੁਭਾਅ ਸੋਹਣਾ ਪਹਿਨਣ ਆਦਿ ਦਾ ਜੋ ਹੁੰਦਾ ਹੈ ਉਹ ਮਾਤਾ ਚੋਣੀ ਦਾ ਵੀ ਸੀ। ਗੁਰੂ ਸਾਹਿਬ ਨੇ ਵੀ ਜਿਕਰ ਕੀਤਾ ਕਿ ਬਹੁਤ ਫਰਮਾਇਸ਼ਾ ਕਰਦੀ ਹੈ। ਇਹ ਵੀ ਪਤਾ ਲੱਗਦਾ ਹੈ ਕਿ ਮਾਤਾ ਘੁੰਮੀ ਦੀਆਂ ਸਭ ਮੰਗਾਂ ਤੇ ਸ਼ੌਕ ਬੇਬੇ ਨਾਨਕੀ ਆਪ ਪੂਰੀਆਂ ਕਰਦੇ ਸਨ।

ਜਿਵੇ ਕਿ ਹਰ ਇਨਸਾਨ ਚਾਹੁੰਦਾ ਹੈ ਮਾਤਾ ਚੋਣੀ ਵੀ ਮਰਜੀ ਦੇ ਮਾਲਕ ਸਨ। ਗੁਰਬਾਣੀ ਵਿੱਚ ਆਏ ਸ਼ਬਦ ਤੋਂ ਵੀ ਪਤਾ ਲੱਗਦਾ ਹੈ ਕਿ ਓਹਨੀ ਦਿਨੀ ਮਾਤਾ ਘੁੰਮੀ ਨੇ ਕੁਝ ਬੇਬੇ ਨਾਨਕੀ ਤੇ ਗੁਰੂ ਸਾਹਿਬ ਤੇ ਕੁਝ ਝੂਠੀਆਂ ਤੋਹਮਤਾਂ ਵੀ ਲਾਈਆਂ ਸਨ। ਮਾਤਾ ਦੀ ਇਛਾ ਕਰਕੇ ਹੀ ਬਾਬਾ ਜੀ ਨੇ ਫਿਰ ਉਹਨਾਂ ਦੀ ਰਹਾਇਸ਼ ਦਾ ਪ੍ਰਬੰਧ ਬੇਬੇ ਨਾਨਕੀ ਦੇ ਘਰ ਤੋਂ ਵੱਖਰਾ ਕੀਤਾ ਹੋਇਆ ਸੀ।

----◈-----

## ਫਕੀਰ ਖਰਬੂਜੇ ਸ਼ਾਹ

ਮੋਦੀਖਾਨੇ ਤੋਂ ਜਦੋਂ ਵਿਹਲ ਮਿਲਣਾ ਬਾਬੇ ਨੇ ਸੰਗੀਆਂ ਨਾਲ ਮਿਲ ਨਿਰੰਕਾਰ ਦਾ ਕੀਰਤਨ ਕਰਨਾਂ। ਸ਼ਹਿਰ ਤੋਂ ਹਟਵਾਂ ਵੇਂਈ ਦਾ ਕੰਢਾ ਇਨਾਂ ਦਾ ਟਿਕਾਣਾ ਹੁੰਦਾ ਸੀ। ਕਦੀ ਚੜ੍ਹਦੇ ਪਾਸੇ ਜਾ ਬਹਿਣਾ ਕਦੀ ਲਹਿੰਦੇ ਪਾਸੇ।

ਵੇਈਂ ਦੇ ਕੰਢੇ ਜਿੱਥੇ ਅਜ ਕਲ ਗੁਰਦੁਆਰਾ ਬੇਰ ਸਾਹਿਬ ਮੌਜੂਦ ਹੈ ਓਥੇ ਇੱਕ ਮੁਸਲਮਾਨ ਫਕੀਰ ਅੱਲਾ ਦਿੱਤਾ ਰਿਹਾ ਕਰਦਾ ਸੀ। ਜਦੋਂ ਗੁਰੂ ਸਾਹਿਬ ਇਸ ਫਕੀਰ ਨੂੰ ਮਿਲੇ ਗਰਮੀਆਂ ਦੇ ਦਿਨ ਸਨ। ਫਕੀਰ ਨੇ ਗੁਰੂ ਸਾਹਿਬ ਨੂੰ ਖਰਬੂਜਾ ਭੰਨ ਕੇ ਅੱਧਾ ਖਵਾਇਆ। ਗੱਲਾਂ ਬਾਤਾਂ ਹੁੰਦੀਆਂ ਰਹੀਆਂ। ਗੁਰੂ ਸਾਹਿਬ ਤੋਂ ਗਿਆਨ ਦੀਆਂ ਗੱਲਾਂ ਸੁਣ ਫਕੀਰ ਗੰਭੀਰ ਹੋ ਗਇਆ ਤੇ ਪੁੱਛਣ ਲੱਗਾ ਭਾਈ ਤੂੰ ਕੌਣ ਹੈ, ਹਿੰਦੂ ਕਿ ਮੁਸਲਮਾਨ? ਗੁਰੂ ਸਾਹਿਬ ਨੇ ਕਿਹਾ ਨਾਂ ਮੈਂ ਹਿੰਦੂ ਨਾਂ ਮੁਸਲਮਾਨ, ਮੈਂ ਰੱਬ ਦਾ ਬੰਦਾ; ਨਾਨਕ ਨਿਰੰਕਾਰੀ। ਫਕੀਰ ਨੂੰ ਇਹ ਜਵਾਬ ਸੁਣ ਕੇ ਬੜੀ ਚਿੜ੍ਹ ਆ ਗਈ। ਉਹ ਤਾਂ ਕਿਸੇ ਤਰੀਕੇ ਗੁਰੂ ਸਾਹਿਬ ਨੂੰ ਮੁਸਲਮਾਨ ਵੇਖਣਾ ਚਾਹੁੰਦਾ ਸੀ। ਅਵਾ ਤਵਾ ਬੋਲਣ ਲੱਗਾ। ਆਖਿਰ ਕਹਿੰਦਾ, "ਕੱਢ ਮੇਰਾ ਖਰਬੂਜਾ ਜਿਹੜਾ ਖਾਧਾ ਈ।"

ਗੁਰੂ ਸਾਹਿਬ ਨੇ ਕਿਹਾ ਸਾਈ ਜੀ ਖਰਬੂਜਾ ਤੁਹਾਡੇ ਸਾਹਮਣੇ ਮੈਂ ਖਾਧਾ ਹੈ ਉਹ ਕਿਵੇ ਨਿਕਲੇਗਾ? ਫਕੀਰ ਕਹਿਣ ਲੱਗਾ "ਤੂੰ ਹੁਣੇ ਇਨੂੰ ਬਾਹਰ ਕੱਢ।" ਗੁਰੂ ਸਾਹਿਬ ਨੇ ਕਿਹਾ ਠੀਕ ਹੈ ਮੈਂ ਕੱਢ ਦਿੰਨਾ ਵਾ ਤੁਸੀ ਵੀ ਆਪਣਾ ਕੱਢ ਦਿਓ। ਫਕੀਰ ਫਿਰ ਗਲਤ ਬੋਲਦਾ ਹੋਇਆ ਕਹਿੰਦਾ ਕਿ ਮੇਰਾ ਖਰਬੂਜਾ, ਮੈਂ ਖਾਧਾ, ਮੈਂ ਕਿਓ ਕੱਢਾਂ।

ਗੁਰੂ ਸਾਹਿਬ ਨੇ ਕਿਹਾ "ਖਰਬੂਜਾ ਤੁਹਾਡਾ ਨਹੀ ਸੀ। ਕਿਸਾਨ ਤੁਹਾਡੇ ਕੋਲ ਚੜਾ ਕੇ ਗਇਆ ਹੈ। ਜੇ ਉਹ ਕਿਸਾਨ ਖਰਬੂਜਾ ਬਾਹਰ ਕੱਢਣ ਲਈ ਕਹੇ ਤਾਂ ਕਿਵੇ ਲਗੇਗਾ? ਸਾਈ ਜੀ ਇਹ ਨਿਆਮਤਾਂ ਖੁਦਾ ਦੀਆਂ ਨੇ। ਫਕੀਰ ਹੋ ਕੇ ਤੇਰਾ ਮੇਰਾ ਕਰਦੇ ਹੋ।" ਗੁਰੂ ਸਾਹਿਬ ਕਿਉਕਿ ਟਿਕਾਣੇ ਤੇ ਗੱਲ ਮਾਰਦੇ ਸਨ। ਫਕੀਰ ਗੁਰੂ ਸਾਹਿਬ ਦੇ ਚਰਨਾਂ ਤੇ ਢਹਿ ਪਿਆ। ਭੁੱਲ ਬਖਸ਼ਵਾਈ। ਗੁਰੂ ਸਾਹਿਬ ਦੇ ਪੱਕੇ ਮੁਰੀਦਾਂ ਵਿੱਚੋਂ ਹੋਇਆ ਹੈ ਇਹ ਫਕੀਰ।

ਸੁਲਤਾਨਪੁਰ ਰਹਿੰਦਿਆਂ ਸਤਿਸੰਗ ਲਈ ਗੁਰੂ ਸਾਹਿਬ ਦਾ ਇਹੋ ਟਿਕਾਣਾ ਹੁੰਦਾ ਸੀ, ਵੇਈ ਦੇ ਕੰਢੇ ਤੇ।

ਬਾਦ ਵਿਚ ਜਦੋਂ ਗੁਰੂ ਸਾਹਿਬ ਸੁਲਤਾਨਪੁਰ ਤੋਂ ਰਵਾਨਾਂ ਹੋਣ ਲੱਗੇ ਤਾਂ ਫਕੀਰ ਡਾਢਾ ਉਦਾਸ ਹੋਇਆ ਸੀ। ਗੁਰੂ ਸਾਹਿਬ ਨੇ ਉਨੂੰ ਕਿਹਾ ਇਹ ਬੇਰੀ ਤੁਹਾਨੂੰ ਮੇਰੀ ਯਾਦ ਦਿਵਾਇਆ ਕਰੇਗੀ। ਇਹਦੀ ਸੰਭਾਲ ਰੱਖਣਾ।

ਗੁਰਦੁਆਰਾ ਬੇਰ ਸਾਹਿਬ ਦੀ ਬੇਰੀ ਦੇ ਚੜ੍ਹਦੇ ਪਾਸੇ ਇਸ ਫਕੀਰ ਦੀ ਥੜਾ ਨੁੰਮਾ ਕਬਰ ਅੱਜ ਵੀ ਮੌਜੂਦ ਹੈ।

----◈-----

## ਜਦੋਂ ਤੁਰਕੀ ਬਾਣੇ ਵਿੱਚ ਬਾਬੇ ਨੂੰ ਰੱਬ ਦੇ ਇੱਕ ਬੰਦੇ ਨੇ ਆ ਟੁੰਬਿਆ ⊙

ਬਾਬੇ ਦੀ ਪ੍ਰਸਿੱਧੀ ਸਾਰੇ ਇਲਾਕੇ ਵਿੱਚ ਫੈਲ ਚੁੱਕੀ ਸੀ ਕਿ ਨਾਨਕ ਦੇ ਰੂਪ ਵਿੱਚ ਰੱਬ ਆ ਹੱਟੀ ਕਰ ਰਿਹਾ ਹੈ। ਕਿਸੇ ਗਰੀਬ ਗੁਰਬੇ ਨੂੰ ਪੈਸੇ ਦੀ ਘਾਟ ਕਾਰਨ ਕਦੀ ਖਾਲੀ ਨਹੀ ਤੋਰਦਾ। ਹਰ ਵੇਲੇ ਰੱਬ ਦੀ ਯਾਦ ਵਿੱਚ ਮਸਤ ਹੋਇਆ ਰਹਿੰਦਾ ਹੈ। ਓਹ ਬੇਪਰਵਾਹ ਨਾਂ ਉਹਨੂੰ ਘਾਟੇ ਦਾ ਫਿਕਰ, ਨਾਂ ਉਨੂੰ ਟੱਬਰ ਦਾ ਫਿਕਰ, ਨਾਂ ਉਹਨੂੰ ਨਵਾਬ ਦਾ ਡਰ।

ਜਿਹੜਾ ਉਹਨੂੰ ਮਿਲੇ, ਉਹ ਉਹਨੂੰ ਧਾਰਮਿਕ ਸੇਧ ਦੇਵੇ ਕਿ

ਪੈੜ ਸਰੋਤ
⊙ ਬਾਲੇ ਵਾਲੀ ਜਨਮ ਸਾਖੀ, ਲਿਖਾਰੀ ਮੈਲਕਮ ਦਾ ਸਕੈਚ ਆਫ ਸਿੱਖਜ਼ ਅਤੇ 1810ਈ. ਦੀ ਬਖਤ ਮਲ ਦੀ ਲਿੱਖਤ ਮੁਤਾਬਿਕ।

ਛੱਡੋ ਇਨਾਂ ਪੱਥਰਾਂ ਦੀਆਂ ਮੂਰਤੀਆਂ ਅੱਗੇ ਨੱਕ ਰਗੜਨਾ, ਬੱਦਲਾਂ ਦੀ ਪੂਜਾ, ਸੱਪਾਂ ਦੀ ਪੂਜਾ, ਪਿੱਪਲਾਂ ਦੀ ਪੂਜਾ। ਪੂਜਾ ਕਰਨੀ ਹੈ ਤਾਂ ਉਸ ਨਿਰੰਕਾਰ ਦੀ ਕਰੋ ਜੋ ਘੱਟ ਘੱਟ ਵਿੱਚ ਬਿਰਾਜਮਾਨ ਹੈ।

ਬਾਬੇ ਦੀ ਸ਼ੋਹਰਤ ਸੁਣ ਕੇ ਇੱਕ ਵੇਰਾਂ ਇੱਕ 'ਤੁਰਕੀ ਬਾਣੇ' (ਮੁਸਲਮਾਨੀ ਲਿਬਾਸ) ਵਿੱਚ ਬੰਦਾ ਆ ਮੋਦੀਖਾਨੇ ਪਹੁੰਚਿਆ। ਉਸ ਪਤਾ ਲੱਗ ਚੁੱਕਾ ਸੀ ਬਾਬਾ ਨਾਨਕ ਇਕ ਨਿਰੰਕਾਰ ਦੀ ਗਲ ਕਰਦਾ ਹੈ। ਜਦੋਂ ਕਿ ਬਹੁਤੀ ਹਿੰਦੂ ਲੋਕਾਈ ਪੱਥਰ ਪੂਜਣ ਲੱਗੀ ਹੋਈ ਹੈ। ਫਕੀਰ ਨੇ ਮੋਦੀ ਨਾਲ ਖੂਬ ਗੱਲਾਂ ਬਾਤਾਂ ਕੀਤੀਆਂ।

ਫਕੀਰ ਨੇ ਮੋਦੀ ਨੂੰ ਟੁੰਬਿਆ ਕਿ ਕੀ ਬਸ ਇਹੋ ਰੋਜ ਦੇ ਪੰਜ ਸੱਤ ਬੰਦਿਆਂ ਨੂੰ ਰਾਹੇ ਪਾਉਣਾ ਹੀ ਤੁਹਾਡਾ ਮਿਸ਼ਨ ਹੈ? ਕੀ ਤੁਹਾਨੂੰ ਹੋਰ ਲੱਖਾਂ ਕ੍ਰੋੜਾਂ ਗਿਣਤੀ ਦੀ ਲੋਕਾਈ ਨਾਲ ਕੋਈ ਸਰੋਕਾਰ ਨਹੀ ਹੈ? ਇਹ ਗੱਲਾਂ ਤਾਂ ਇਸ ਤਰਾਂ ਸਨ ਜਿਵੇ ਕੋਈ ਕਿਸੇ ਦੀ ਦੁੱਖਦੀ ਤੇ ਹੱਥ ਰੱਖ ਦਿੰਦਾ ਹੈ। ਹੁਣ ਮੰਨ ਹੀ ਮੰਨ ਵਿਚ ਗੁਰੂ ਸਾਹਿਬ ਨੇ ਲੋਕਾਈ ਦੇ ਉਧਾਰ ਲਈ ਘਰੋ ਨਿਕਲਣ ਦਾ ਤਹੱਈਆ ਕਰ ਲਿਆ।

ਫਿਰ ਉਸ ਫਕੀਰ ਨੇ ਉਲਾਹਮਾ ਦਿੱਤਾ ਕਿਹਾ ਕਿ ਤੁਸੀ ਨਿਰੰਕਾਰ ਦੀ ਬਖਸ਼ੀ ਇਸ ਦੇਹ (ਸਰੀਰ) ਬਾਬਤ ਕਿਓ ਲਾਪਰਵਾਹ ਹੋ? ਕਿਓ ਸਰੀਰ ਦਾ ਰੰਗ ਪੀਲਾ ਪਇਆ ਹੈ? ਕੀ ਅਕਾਲ ਪੁਰਖ ਨੇ ਤੁਹਾਨੂੰ ਹੱਟੀ ਕਰਨ ਭੇਜਿਆ ਹੈ? ਤੁਸੀ ਇਸ ਕਿਲੇ ਅੰਦਰ ਬਹਿ ਗਏ ਹੋ ਬਾਹਰ ਦੁੱਖੀ ਲੋਕਾਈ ਦਾ ਕੌਣ ਦੁੱਖ ਦੂਰ ਕਰੇਗਾ? ਤੁਸੀ ਕੀ ਸਮਝਦੇ ਹੋ ਕਿ ਇਲਾਕੇ ਦੇ ਗਿਣੇ ਚੁੱਣੇ ਲੋਕਾਂ ਨੂੰ ਉਪਦੇਸ਼ ਦੇ ਕੇ ਤੁਹਾਡੀ ਜਿੰਮੇਵਾਰੀ ਨਿੱਭ ਗਈ ਹੈ?

ਉਸ ਫਕੀਰ ਦੀ ਗੱਲ ਵਿਚ ਸਚਾਈ ਸੀ। ਬਾਬਾ ਨਾਨਕ ਦਾ ਮਿਸ਼ਨ ਸਿਰਫ ਸੁਲਤਾਨਪੁਰ ਤੱਕ ਸੀਮਿਤ ਨਹੀ ਸੀ।

ਬਾਬੇ ਨੇ ਸਭ ਕੁਝ ਛੱਡ ਛਡਾ ਲੋਕਾਈ ਦੇ ਉਧਾਰ ਖਾਤਰ ਕੂਚ ਕਰਨ ਦਾ ਸੋਚ ਲਿਆ। ਇਹ ਗੱਲ 1506 ਈ. ਦੀ ਹੈ।

----◆-----

## ਜਦੋਂ ਬਾਬੇ ਨਾਨਕ ਨੂੰ ਕੈਦ ਕੀਤਾ ਤੇ ਹਿਸਾਬ ਕਿਤਾਬ ਚੈੱਕ ਹੋਇਆ



ਕੋਠੜੀ ਜਿਥੇ ਗੁਰੂ ਸਾਹਿਬ ਨੂੰ ਬੰਦ ਰੱਖਿਆ ਗਇਆ। ਕੈਦਖਾਨਾ ਕਾਹਦਾ? ਛੋਟਾ ਜਿਹਾ ਡਿੱਬਾ ਹੀ ਸਮਝੋ ਜਿਸ ਵਿਚ ਬੰਦਾ ਮਸਾਂ ਬਹਿ ਹੀ ਸਕਦਾ ਸੀ : 4 × 5 ਫੁੱਟ, ਉਚਾਈ ਸਿਰਫ 5 ਫੁੱਟ। ਗੁਰਸਿੱਖਾਂ ਨੇ ਉਹਨਾਂ ਕੋਠੜੀਆਂ ਵਿਚੋਂ ਇਕ ਦਾ ਨਮੂਨਾ ਸੰਗਮਰਮਰ ਲਾ ਕੇ ਸਾਂਭ ਲਿਆ ਹੈ। (ਸੱਜੇ) ਕੋਠੜੀ ਦਾ ਬਾਹਰੀ ਦ੍ਰਿਸ਼।




ਗੁਰੂ ਨਾਨਕ ਤੋਂ ਪਹਿਲਾ ਜਿਹੜਾ ਮੋਦੀ ਸੀ ਉਸ ਦੀ ਈਮਾਨਦਾਰੀ ਤੇ ਨਵਾਬ ਨੂੰ ਸ਼ੱਕ ਸੀ। ਜਿਸ ਕਾਰਨ ਉਹਦੀ ਛੁੱਟੀ ਕਰ ਦਿੱਤੀ ਗਈ ਸੀ ਤੇ ਮੋਦੀਖਾਨਾ ਗੁਰੂ ਨਾਨਕ ਦੇ ਸਪੁੱਰਦ ਕਰ ਦਿੱਤਾ ਗਿਆ। ਪੁਰਾਣੇ ਮੋਦੀ ਦੀ ਹੋ ਸਕਦਾ ਗੁਰੂ ਨਾਨਕ ਨਾਲ ਈਰਖਾ ਹੋ ਗਈ ਹੋਵੇ। ਬਾਬੇ ਦੀ ਸ਼ਕਾਇਤ ਹੋ ਗਈ ਕਿ ਉਹ ਬਹੁਤ ਲਾਪਰਵਾਈ ਨਾਲ ਮੋਦੀਖਾਨਾ ਚਲਾ ਰਿਹਾ ਹੈ ਤੇ ਮੋਦੀਖਾਨਾ ਲੁੱਟੀਦਾ ਜਾ ਰਿਹਾ ਹੈ। ਭਿਖਾਰੀਆਂ ਫਕੀਰਾਂ ਦਾ ਜੰਮਘਟ ਲੱਗਾ ਰਹਿੰਦਾ ਹੈ।

ਇਹ ਗਲ 1506 ਈ. ਦੀ ਹੈ।

ਤੁਰੰਤ ਮੋਦੀਖਾਨੇ ਦੇ ਹਿਸਾਬ ਕਿਤਾਬ ਦੀ ਜਾਂਚ (ਔਡਿਟ) ਦੇ ਹੁਕਮ ਹੋ ਗਏ।

ਹਿਸਾਬ ਦੀ ਗੱਲ ਸੁਣ ਕੇ ਭਾਈਆ ਤੇ ਭੈਣ ਜੀ ਨੂੰ ਵੀ ਚਿੰਤਾ ਹੋਈ। ਕਿਉਕਿ ਉਨਾਂ ਨੂੰ ਵੀ ਪਤਾ ਸੀ ਕਿ ਨਾਨਕ ਗਰੀਬ ਗੁਰਬੇ, ਫਕੀਰਾਂ ਸਾਧੂਆਂ ਦਾ ਬਹੁਤ ਖਿਆਲ ਕਰਦਾ ਹੈ।

ਪਰ ਹਿਸਾਬ ਪੂਰਾ ਹੋਣ ਤੇ ਸਭ ਹੈਰਾਨ ਰਹਿ ਗਏ। ਗੁਰੂ ਨਾਨਕ ਦਾ ਹਿਸਾਬ ਇੱਕ ਦਮ ਟੱਲੀ ਨਿਕਲਿਆ ਤੇ ਹਿਸਾਬ ਮੁਤਾਬਿਕ ਸਗੋਂ ਗੁਰੂ ਨਾਨਕ ਦੇ 135 ਰੁਪਏ ਹੋਰ ਨਿਕਲ ਆਏ। ਗੁਰੂ ਨਾਨਕ ਨੇ ਓਦੋਂ ਫਿਰ ਦੁਬਾਰਾ ਨੌਕਰੀ ਤੇ ਜਾਣ ਤੋਂ ਇਨਕਾਰ ਕਰ ਦਿੱਤਾ।

ਪਰ ਭੈਣ ਤੇ ਭਣਵੱਈਏ ਦੇ ਬਹੁਤ ਜਿੱਦ ਕਰਨ ਤੇ ਗੁਰੂ ਸਾਹਿਬ ਦੁਬਾਰਾ ਮੋਦੀਖਾਨਾ ਚਲਾਉਣਾ ਮੰਨ ਗਏ।

ਬਾਲੇ ਵਾਲੀ ਜਨਮਸਾਖੀ ਵਿੱਚ ਇੱਕ ਵਾਰੀ ਫਿਰ ਜਿਕਰ ਆਉਦਾ ਹੈ ਕਿ ਮੋਦੀਖਾਨੇ ਦਾ ਦੂਸਰੀ ਵਾਰੀ ਜਦੋਂ ਹਿਸਾਬ ਲਿਆ ਗਇਆ ਤਾਂ ਪੜਤਾਲ ਪੰਜ ਦਿਨ ਚਲੀ ਸੀ। ਅਖੀਰ ਤੇ ਗੁਰੂ ਨਾਨਕ ਦੇ 310 ਰੁਪਏ ਵਧੇ ਸਨ। ਨਵਾਬ ਨੇ ਖੁਸ਼ ਹੋ ਕੇ 3000 ਰੁਪਏ ਉਤੇ ਦੇ ਦਿੱਤਾ। ਗੁਰੂ ਸਾਹਿਬ ਉਹ ਰਕਮ ਲਿਆ ਕੇ ਬੇਬੇ ਨਾਨਕੀ ਦੇ ਹੱਥ ਤੇ ਰੱਖ ਦਿੱਤੀ। ਰਿਆਸਤ ਦਾ ਖਚਾਨਚੀ ਓਦੋਂ ਭਵਾਨੀ ਦਾਸ ਲਿਖਿਆ ਹੈ। ਇਸ ਮੌਕੇ ਜਿਸ ਬੰਦੇ ਦੀ ਨਿਗਰਾਨੀ ਹੇਠ ਨਵੀਸਿੰਦੋ (ਭਾਵ ਅਕਾਉਟੈਂਟ) ਨੇ ਲੇਖਾ ਜੋਖਾ ਚੈਕ ਕੀਤਾ ਸੀ ਉਸ ਦਾ ਨਾਂ ਜਾਦੋ ਰਾਇ ਜੈਰਥ ਸੀ ਜੋ ਸੁਲਤਾਨਪੁਰ ਦਾ ਦਰੋਗਾ

ਸੀ।

ਏਸੇ ਤਰਾਂ ਕੁਝ ਸਮੇ ਬਾਦ ਫਿਰ ਗੁਰੂ ਨਾਨਕ ਮੋਦੀ ਦੀ ਬਹੁਤ ਹੀ ਸਖਤ ਸ਼ਕਾਇਤ ਨਵਾਬ ਕੋਲ ਪਹੁੰਚੀ। ਨਵਾਬ ਨੇ ਦਰੋਗੇ ਨੂੰ ਸੱਦ ਕੇ ਸਾਰੀ ਤਫਤੀਸ਼ ਕਰਨ ਦਾ ਹੁਕਮ ਦਿੱਤਾ। ਸ਼ਕਾਇਤ ਕਰਤਾ ਫਰਿਆਦੀ ਨੇ ਗੁਰੂ ਨਾਨਕ ਖਿਲਾਫ ਕੋਈ ਅਜਿਹਾ ਸਬੂਤ ਦਿਖਾਇਆ ਮਤਲਬ ਦਰੋਗਾ ਜਾਦੋ ਰਾਇ ਜੈਰਥ ਨੂੰ ਅਜਿਹਾ ਭੜਕਾਇਆ ਕਿ ਦਰੋਗੇ ਨੇ ਝੱਟ ਗੁਰੂ ਨਾਨਕ ਨੂੰ ਕੈਦ ਕਰ ਲਿਆ। ਜ਼ਾਹਿਰ ਹੈ ਕਿ ਅਹਿਲਕਾਰ ਨੇ ਅੱਖੀ ਵੇਖ ਲਿਆ ਹੋਵੇਗਾ ਕਿ ਬਾਬਾ ਬੇਪਰਵਾਹ ਹੋ ਕੇ ਮੋਦੀਖਾਨਾ ਲੁੱਟਾਈ ਜਾ ਰਿਹਾ ਹੈ। ਜੋ ਵੀ ਕੋਈ ਮੰਗਦਾ ਹੈ ਦਈ ਜਾ ਰਿਹਾ ਹੈ। ਬਸ ਇਹੋ ਦੇਖਦਾ ਹੈ ਕਿ ਬੰਦਾ ਮਜਬੂਰ ਹੈ ਕਿ ਵੈਸੇ ਹੀ ਬਹਾਨਾ ਲਾ ਰਿਹਾ ਹੈ। ਦਰੋਗੇ ਨੂੰ ਇਸ ਗਲ ਦਾ ਅਹਿਸਾਸ ਹੀ ਨਹੀ ਸੀ ਕਿ ਮੋਦੀ ਆਪਣੇ ਖੁੱਦ ਦੇ ਖਾਤੇ ਤੋਂ ਖੈਰਾਤ ਕਰਦਾ ਹੈ।

ਬਾਬਾ ਨਾਨਕ ਬੰਦ ਸੀ। ਉਦੋਂ ਕੈਦਖਾਨੇ ਹੁੰਦੇ ਵੀ ਬਹੁਤ ਸਖਤ ਸਨ।

ਭਾਈਆ ਜੀ ਅਤੇ ਭੈਣ ਜੀ ਵੀ ਡਾਹਢੇ ਫਿਕਰਮੰਦ ਹੋ ਗਏ ਕਿਉਕਿ ਆਖਿਰ ਸ਼ਕਾਇਤ ਹੈ ਤਾਂ ਸੱਚੀ ਸੀ। ਗੁਰੂ ਸਾਹਿਬ ਗਰੀਬਾਂ ਲੋੜਵੰਦਾਂ ਵਿੱਚ ਖੂਬ ਰਾਸ਼ਨ ਵੰਡਦੇ ਸਨ। ਸਰਕਾਰੇ ਦਰਬਾਰੇ ਬਦਨਾਮੀ ਹੋ ਰਹੀ ਸੀ। ਪਰ ਸ਼ਕਾਇਤ ਕਰਤਾ ਨੂੰ ਇਨਾਂ ਅਹਿਸਾਸ ਨਹੀ ਸੀ ਕਿ ਨਾਨਕ ਨੂੰ ਤਾਂ ਆਪਣੀ ਤਨਖਾਹ ਦੀ ਵੀ ਪ੍ਰਵਾਹ ਨਹੀ ਸੀ ਹੁੰਦੀ।

ਬਾਬੇ ਨੂੰ ਕੈਦ ਕਰਕੇ ਦੋ ਦਿਨ ਮੋਦੀਖਾਨੇ ਦੀ ਹਿਸਾਬਦਸੀ (ਔਡਿਟ) ਚਲੀ। ਅਖੀਰ ਹਿਸਾਬ ਕਿਤਾਬ ਦਾ ਨਤੀਜਾ ਨਿਕਲਿਆ। ਉਲਟਾ ਗੁਰੂ ਨਾਨਕ ਦੇ 760 ਰੁਪਏ ਸਰਕਾਰ ਵਲ ਵਧੇ, ਮਤਲਬ 760 ਤੋਲਾ ਸੋਨਾ।

ਗੁਰੂ ਸਾਹਿਬ ਨੂੰ ਨਵਾਬ ਅੱਗੇ ਪੇਸ਼ ਕੀਤਾ ਗਿਆ। ਨਵਾਬ ਨੇ ਇਸ ਪੜ੍ਹਤਾਲ ਪਿੱਛੇ ਮਜਬੂਰੀ ਦੱਸੀ ਕਿ ਸ਼ਕਾਇਤ ਵਿਚ ਦਮ ਸੀ। ਅੱਗੇ ਤੋਂ ਬਾਬਾ ਨਾਨਕ ਨੂੰ ਸੁਚੇਤ ਰਹਿਣ ਲਈ ਹੁਕਮ ਕੀਤਾ ਗਿਆ। ਗੁਰੂ ਸਾਹਿਬ ਨੂੰ ਕਿਹਾ ਗਇਆ ਕਿ ਆਪਣੇ 760 ਰੁਪਏ ਖਜ਼ਾਨੇ ਵਿਚੋਂ ਲੈ ਲਏ।

ਗੁਰੂ ਸਾਹਿਬ ਨੇ ਬੜੀ ਹਲੀਮੀ ਸਾਹਿਤ ਅੱਗੇ ਤੋਂ ਮੋਦੀ ਦੀ ਜਿੰਮੇਵਾਰੀ ਸਾਂਭਣ ਤੋਂ ਨਾਹ ਕਰ ਦਿੱਤੀ ਅਤੇ ਜੋ ਗੁਰੂ ਨਾਨਕ ਦਾ ਨਿਕਲਿਆ ਸੀ ਉਹ ਵੀ ਲੈਣ ਤੋਂ ਇਨਕਾਰ ਕਰ ਦਿਤਾ ਤੇ ਨਵਾਬ ਨੂੰ ਅਰਜੋਈ ਕੀਤੀ ਕਿ ਇਹ ਰਕਮ ਗਰੀਬਾਂ ਲੋੜਵੰਦਾ ਸਾਧੂ ਫਕੀਰਾਂ ਵਿੱਚ ਵੰਡ ਦਿੱਤੀ ਜਾਵੇ। ਯਾਦ ਰਹੇ ਓਨੀ ਦਿਨੀ ਸਾਧੂ ਸੰਤ ਫਕੀਰ ਅੱਜ ਵਾਗੂ ਮਾਇਆਧਾਰੀ ਨਹੀ ਸਨ ਹੁੰਦੇ। ਪੂਰਨ ਸੰਨਿਆਸੀ ਸਨ।

ਜਿਥੇ ਗੁਰੂ ਨਾਨਕ ਨੂੰ ਕੈਦ ਕਰ ਕੇ ਰੱਖਿਆ ਗਇਆ ਬਹੁਤ ਹੀ ਛੋਟੀਆਂ ਛੋਟੀਆਂ ਕੋਠੜੀਆਂ ਸਨ। ਮਸਾਂ 7×5 ਫੁੱਟ। ਉਚਾਈ 5ਫੁੱਟ। (ਫੋਟੋ ਵੇਖੋ) ਬੜੀ ਮੁਸ਼ਕਲ ਨਾਲ ਬੰਦਾ ਸਿਰਫ ਬਹਿ ਹੀ ਸਕਦਾ ਹੈ। ਮੁਰੰਮਤ ਕਰਨ ਉਪਰੰਤ ਅੱਜ ਉਹ ਕੋਠੜੀ ਸਾਂਭ ਲਈ ਗਈ ਹੈ।

ਦਰੋਗਾ ਜਾਦੋ ਰਾਇ ਜੈਰਥ ਦੇ ਟੱਬਰ ਨੂੰ ਕੋਈ ਅਜਿਹੀ ਮਾਰ ਵੱਜੀ ਹੈ ਕਿ ਅੱਜ ਵੀ ਓਨਾਂ ਦੀ ਓਲਾਦ ਦੇ ਟੱਬਰਾਂ ਵਿੱਚੋਂ ਕੋਈ ਨਾਂ ਕੋਈ ਅੰਨਾਂ ਤੇ ਕੋਈ ਔਰਤ ਵਿਧਵਾ ਜਰੂਰ ਰਹਿੰਦੀ ਹੈ। ਇਹ ਤੱਥ ਸੰਨ 1969 ਈ. ਵਿੱਚ ਵੀ ਪੜਤਾਲਿਆ ਜਾ ਚੁੱਕਾ ਹੈ।

----◈-----

## ਬਾਬਾ ਨਾਨਕ ਹੋਇਆ ਗਾਇਬ

ਗੁਰੂ ਨਾਨਕ ਦੀ ਗ੍ਰਿਫਤਾਰੀ ਦੀ ਖਬਰ ਸਾਰੇ ਸ਼ਹਿਰ ਵਿੱਚ ਅੱਗ ਵਾਂਙੂ ਫੈਲ ਗਈ ਸੀ। ਸਾਰੇ ਰਿਸ਼ਤੇਦਾਰਾਂ, ਯਾਰਾਂ ਦੋਸਤਾਂ, ਮੁਰੀਦਾਂ ਵਾਸਤੇ ਇਹ ਨਮੋਸ਼ੀ ਦੀ ਗੱਲ ਸੀ। ਮਿਤ੍ਰਾਂ ਦੀ ਅਵਸਥਾ ਦੇਖ ਬਾਬੇ ਨੂੰ ਵੀ ਦੁੱਖ ਹੋਇਆ। ਜਦੋਂ ਬਾਬਾ ਬੰਦੀ ਸੀ ਤਾਂ ਅਹਿਸਾਸ ਸੀ ਕਿ ਇਹ ਕੋਈ ਅਣਹੋਣੀ ਨਹੀ ਹੋ ਰਹੀ ਕਿਉਕਿ ਬਾਬੇ ਨੇ ਮੋਦੀਖਾਨਾ ਖੂਬ ਵੰਡਿਆ ਸੀ।

ਹਿਸਾਬ ਕਿਤਾਬ ਤੇ ਕੈਦ ਤੋਂ ਫਾਰਗ ਹੋ ਬਾਬਾ ਆਪਣੇ ਘਰ ਆਇਆ। ਸਾਰੇ ਘਰਦਿਆਂ ਨੇ ਸੁੱਖ ਦਾ ਸਾਹ ਲਿਆ ਸੀ। ਘਰ ਦਿਆਂ ਦੀ ਤਾਂ ਛੱਡੋ ਹਰ ਲੰਡੀ ਬੁੱਚੀ ਬਾਬਾ ਜੀ ਨੂੰ ਇਹੋ ਉਪਦੇਸ਼ ਦੇ ਰਿਹਾ ਸੀ ਕਿ ਮੋਦੀਖਾਨੇ ਵਿੱਚ ਏਨੀ ਖੁੱਲ ਨਾਂ ਵਰਤਾਇਆ ਕਰੋ।

ਬਾਬਾ ਨਾਨਕ ਤਾਂ ਸੋਚ ਸੋਚ ਕੇ ਵਿਸਮਾਦਿਤ ਹੋ ਰਿਹਾ ਸੀ ਕਿ ਨਿਰੰਕਾਰ ਨੇ ਕਿਵੇ ਆਪਣੇ ਬੰਦੇ ਦੀ ਇੱਜਤ ਪੱਤ ਰੱਖ ਲਈ।

**ਆਪੇ ਖਸਮਿ ਨਿਵਾਜਿਆ ॥ ਜੀਉ ਪਿੰਡੁ ਦੇ ਸਾਜਿਆ ॥ ਆਪਣੇ ਸੇਵਕ ਕੀ ਪੈਜ ਰਖੀਆ ਦੁਇ ਕਰ ਮਸਤਕਿ ਧਾਰਿ ਜੀਉ ॥੧੬॥ ਸਭਿ ਸੰਜਮ ਰਹੇ ਸਿਆਣਪਾ ॥ ਮੇਰਾ ਪ੍ਰਭੁ ਸਭੁ ਕਿਛੁ ਜਾਣਦਾ ॥ ਪ੍ਰਗਟ ਪ੍ਰਤਾਪੁ ਵਰਤਾਇਓ ਸਭੁ ਲੋਕੁ ਕਰੈ ਜੈਕਾਰੁ ਜੀਉ ॥੧੭॥ ਮੇਰੇ ਗੁਣ ਅਵਗਨ ਨ ਬੀਚਾਰਿਆ ॥ ਪ੍ਰਭਿ ਅਪਣਾ ਬਿਰਦੁ ਸਮਾਰਿਆ ॥ ਕੰਠਿ ਲਾਇ ਕੈ ਰਖਿਓਨੁ ਲਗੈ ਨ ਤਤੀ ਵਾਉ ਜੀਉ ॥੧੮(ਪੂਰਾ ਸ਼ਬਦ ਵੇਖੋ ਸ੍ਰੀ ਰਾਗ ਅੰਗ-੭੧ ਸਗਗਸ)**



ਜਿਥੋਂ ਕੁ ਜਿਹੇ ਵੇਂਈ ਵਿਚੋਂ ਤੀਸਰੇ ਦਿਨ ਗੁਰੂ ਸਾਹਿਬ ਪ੍ਰਗਟ ਹੋਏ। ਕੰਢੇ ਤੇ ਅੱਜ ਗੁਰਦੁਆਰਾ ਸੰਤ ਘਾਟ ਮੌਜੂਦ ਹੈ

ਬਾਬੇ ਨੂੰ ਵੀ ਅਹਿਸਾਸ ਸੀ ਕਿ ਉਸ ਨੇ ਕਦੀ ਕਿਸੇ ਗਰੀਬ ਗੁਰਬੇ ਲੋੜਵੰਦ ਨੂੰ ਖਾਲੀ ਨਹੀ ਸੀ ਜਾਣ ਦਿੱਤਾ। ਖੂਬ ਵੰਡਿਆ ਸੀ ਮੋਦੀਖਾਨਾ। ਸੋ ਬਰੀ ਹੋਣ ਤੇ ਬਾਬਾ ਤਾਂ ਬਾਰ ਬਾਰ ਕਰਤਾਰ ਦਾ ਸ਼ੁਕਰਾਨਾ ਹੀ ਕਰੀ ਜਾ ਰਿਹਾ ਸੀ। ਨਿਰੰਕਾਰ ਨੇ ਲਾਜ ਪੱਤ ਰੱਖ ਲਈ। ਓਦੋਂ ਬਾਬੇ ਨੇ ਸ਼ੁਕਰਾਨੇ ਦਾ ਜੋ ਸ਼ਬਦ ਕਿਹਾ ਉਹ ਪੂਰੀ ਗੁਰਬਾਣੀ ਵਿੱਚ ਸਰਬ ਉਤਮ ਧੰਨਵਾਦ ਦਾ ਸ਼ਬਦ




ਗਿਣਿਆ ਜਾਂਦਾ ਹੈ। ਬਾਬੇ ਨੇ ਜੋ ਸ਼ਬਦ ਵਰਤੇ ਹਨ ਉਹਨਾਂ ਨੂੰ ਸਮਝ ਕੇ ਅਹਿਸਾਸ ਹੁੰਦਾ ਹੈ ਕਿ ਕਿੰਨਾ ਸ਼ੁਕਰਗੁਜਾਰ ਹੋ ਰਿਹਾ ਹੈ ਨਿਰੰਕਾਰ ਦਾ ਉਪਾਸ਼ਕ :-

ਸਿਰੀਰਾਗੁ ਮਹਲਾ ੧॥ ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥ ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੧॥ ਸਾਚਾ ਨਿਰੰਕਾਰੁ ਨਿਜ ਥਾਇ ॥ ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥੧॥ ਰਹਾਉ ॥ ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ ॥ ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੨॥ ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥ ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੩॥ ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥ ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੪॥੨॥

ਆਪਣੇ ਸਾਥੀ ਨਾਲ ਸਵੇਰੇ ਫਿਰ ਨਾਉਣ ਧੋਣ ਵੇਈਂ ਨਦੀ ਸ਼ਹਿਰੋ ਬਾਹਰਵਾਰ ਕਿਲੇ ਦੇ ਪੱਛਮ ਵਿਚ ਚਲੇ ਗਏ, ਜਿੱਥੇ ਉਹ ਅਕਸਰ ਨਹਾਇਆ ਕਰਦੇ ਸਨ । ਨਾਲ ਵਾਲੇ ਭਾਵ ਨੌਕਰ ਨੇ ਤਾਂ ਮੌਸਮ ਮੁਤਾਬਿਕ ਨਾਉਣ ਤੋਂ ਨਾਂਹ ਕਰ ਦਿੱਤੀ। ਗੁਰੂ ਸਾਹਿਬ ਨੇ ਅਜਿਹੀ ਚੁੱਭੀ ਮਾਰੀ ਕਿ ਬਾਹਰ ਹੀ ਨਾ ਆਉਣ। ਪਲ ਦੋ ਪਲ, ਨਾਲ ਦੇ ਨਫਰ ਨੇ ਉਡੀਕ ਕੀਤੀ। ਨਹੀ ਨਿਕਲੇ ਤਾਂ ਉਸਨੇ ਦੁਹਾਈ ਪਾ ਦਿੱਤੀ ਕਿ ਬਾਬਾ ਨਾਨਕ ਡੁੱਬ ਗਇਆ ਹੈ। ਇਹ ਓਥੋਂ ਦੀ ਘਟਨਾ ਹੈ ਜਿੱਥੇ ਗੁਰੂ ਸਾਹਿਬ ਸਤਸੰਗ ਲਾਇਆ ਕਰਦੇ ਸਨ ਖਰਬੂਜੇ ਸ਼ਾਹ ਦੇ ਤਕੀਏ ਲਾਗੇ ਅੱਜ ਗੁਰਦੁਆਰਾ ਬੇਰ ਸਾਹਿਬ ਹੈ। ਸ਼ਹਿਰ 'ਚ ਦੁਹਾਈ ਪੈ ਗਈ ਕਿ ਮੋਦੀ ਨਾਨਕ ਨੇ ਖੁਦਕਸ਼ੀ ਕਰ ਲਈ ਹੈ।

ਗਲ ਨਵਾਬ ਤੱਕ ਵੀ ਪਹੁੰਚ ਗਈ। ਨਵਾਬ ਨੇ ਟੋਭੇ ਲਵਾ ਕੇ ਸਾਰੀ ਵੇਈਂ ਛਾਣ ਮਾਰੀ। ਨਾਨਕ ਨਹੀ ਮਿਲਿਆ। ਭਾਈਆ ਜੈ ਰਾਮ ਤੇ ਹੋਰ ਰਿਸਤੇਦਾਰ ਸਾਕ ਸਬੰਧੀ ਡਾਹਢੇ ਦਿਲਗੀਰ।

ਪਰ ਬੇਬੇ ਨਾਨਕੀ ਸਭ ਨੂੰ ਦਿਲਾਸਾ ਦੇਵੇ ਕਿ ਹੌਸਲਾ ਰੱਖੋ ਬਾਬਾ ਨਾਨਕ ਡੁੱਬਣ ਵਾਲਾ ਨਹੀ ਹੈ। ਉਨੂੰ ਪਾਣੀ ਨਹੀ ਡੋਬੇਗਾ। ਉਹ ਤਾਂ ਕੁਦਰਤ ਨਾਲ ਇੱਕ ਮਿੱਕ ਹੈ। ਓਹ ਤਾਂ ਜਦੋਂ ਚਾਹੇ ਪੰਜਾਂ ਤੱਤਾਂ ਵਿੱਚ ਆਪਣੇ ਆਪ ਨੂੰ ਦੁਬਾਰਾ ਖਿਲਾਰ ਲੈਂਦਾ ਹੈ। ਪਰ ਪਦਾਰਥਵਾਦੀ ਦੁਨੀਆਂ ਕੱਦੋਂ ਮੰਨਦੀ ਹੈ।

## ਮੂਲ ਮੰਤਰ ਦੀ ਪ੍ਰਾਪਤੀ

ਤੀਸਰਾ ਦਿਨ ਹੋਇਆ ਤਾਂ ਕਿਸੇ ਨੇ ਵੇਖਿਆ ਕਿ ਬਾਬਾ ਨਾਨਕ ਤਾਂ ਪਹਾੜ/ਚੜ੍ਹਦੇ ਵੇਈਂ ਦੇ ਕੰਢੇ ਬੈਠੇ ਕਰਤਾਰ ਨਿਰੰਕਾਰ ਦੀਆ ਸਿਫਤਾਂ ਗਾ ਰਹੇ ਨੇ। ਇਹ ਉਹ ਜਗਾ ਹੈ ਜਿੱਥੇ ਅਜਕਲ ਗੁਰਦੁਆਰਾ ਸੰਤਘਾਟ ਹੈ। ਵਿਚੇ ਗੁਰੂ ਸਾਹਿਬ ਦੇ ਮੁਖਾਰ ਬਿੰਦ ਤੋਂ ਬਾਰ ਬਾਰ ਇਹੋ ਸ਼ਬਦ ਨਿਕਲ ਰਹੇ ਸਨ:-

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**

ਬੰਦੇ ਨੇ ਸ਼ਹਿਰ ਵਿੱਚ ਜਾ ਫਿਰ ਬਾਬੇ ਨਾਨਕ ਦੇ ਡੁੱਬ ਕੇ ਸਵੱਰਗਵਾਸ ਹੋਣ ਦੀ ਖਬਰ ਨੂੰ ਝੂਠੀ ਦੱਸਿਆ ਤੇ ਦੁਹਾਈ ਦੇ ਦਿੱਤੀ, "ਲੈ ਕੌਣ ਕਹਿੰਦਾ ਬਾਬਾ ਨਾਨਕ ਗੁਜਰ ਗਿਆ? ਮੈਂ ਹੁਣੇ ਓਨੂੰ ਸੰਤ ਘਾਟ ਵੇਖਿਆ ਹੈ।" ਸ਼ਹਿਰ 'ਚ ਫਿਰ ਦੁਹਾਈ ਪੈ ਜਾਂਦੀ ਹੈ। ਲੋਕੀ ਸੰਤ ਘਾਟ ਵਲ ਦੌੜਦੇ ਨੇ। ਬਾਬਾ ਨਾਨਕ ਓਥੇ



ਵੇਈਂ ਕੰਢੇ ਉਹ ਥਾਂ ਜਿੱਥੇ ਗੁਰੂ ਸਾਹਿਬ ਦੇ ਕੱਪੜੇ ਪਏ ਸਨ, ਨਵਾਬ ਨੂੰ ਦਿਖਾਈ ਗਈ। ਨਵਾਬ ਨੇ ਟੋਭੇ ਲਵਾ ਕੇ ਵੇਈਂ ਪੁੱਣ ਮਾਰੀ। ਪਰ ਬਾਬਾ ਨਾਨਕ ਨਹੀ ਲੱਭੇ।

ਸਹੀ ਸਲਾਮਤ ਬੈਠਾ ਸਭ ਨੂੰ ਅਸੀਰਵਾਦ ਦੇ ਰਿਹਾ ਹੈ। ਲੋਕ ਹੈਰਾਨ ਪ੍ਰੇਸ਼ਾਨ। ਲੋਕੀ ਦੁਹਾਈ ਦੇ ਉੱਠਦੇ ਨੇ ਕਿ ਬਾਬਾ ਜੀ ਸ਼ਹਿਰ ਵਿੱਚ ਤਾਂ ਹਾਹਾਕਾਰ ਮੱਚੀ ਪਈ ਹੈ ਹਰ ਮਾਈ ਭਾਈ ਹਿੰਦੂ -ਮੁਸਲਮਾਨ ਤੁਹਾਡੇ ਵਾਸਤੇ ਚਿੰਤਾਤੁਰ ਹੋਇਆ ਪਿਆ ਹੈ ਤੁਸੀ ਏਥੇ ਮਜੇ ਨਾਲ ਬੈਠੇ ਹੋ।

ਗੁਰੂ ਸਾਹਿਬ ਨੇ ਕਿਹਾ ਮੈਨੂੰ ਤਾਂ ਇਥੇ ਕੋਈ ਹਿੰਦੂ -ਮੁਸਲਮਾਨ ਨਜਰ ਨਹੀ ਆਉਂਦਾ,

**"ਨ ਕੋ ਹਿੰਦੂ ਨ ਮੁਸਲਮਾਨ"**

ਇਹ ਨਾਹਰਾ ਵੀ ਗੁਰੂ ਸਾਹਿਬ ਬਾਰ ਬਾਰ ਦੁਹਰਾਉਂਦੇ ਨੇ।

"ਇਹ ਤਾਂ ਤਮਾਸ਼ਬੀਨ, ਬੇਈਮਾਨ ਤੇ ਸਵਾਰਥੀ ਲੋਕਾਂ ਦੀ ਦੁਨੀਆ ਹੈ। ਮੈਨੂੰ ਤਾਂ ਕਿਤੇ ਧਰਮ ਨਜਰ ਨਹੀ ਆਵਦਾ।"

ਲੋਕਾਂ ਕਿਹਾ ਕਿ ਸ਼ਾਇਦ ਬਾਬੇ ਨਾਨਕ ਨੂੰ ਆਪਣੀ ਗ੍ਰਿਫਤਾਰੀ ਤੇ ਗਿਲਾ ਹੈ।

—▲—